# ਫ਼ਿਲਾਸਫ਼ੀ
# ਕੋਈ ਗੋਰਖਧੰਦਾ ਨਹੀਂ

ਇੱਕ ਚੀਨੀ ਕਿਤਾਬ ਦਾ ਅਨੁਵਾਦ

# ਫ਼ਿਲਾਫਫ਼ੀ ਕੋਈ ਗੋਰਖਧੰਦਾ ਨਹੀਂ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

ਫ਼ਿਲਾਫ਼ਫ਼ੀ ਕੋਈ ਗੋਰਖਧੰਦਾ ਨਹੀਂ

(Punjabi Translation of a Chinese Book ' Philosophy is No Mystery')

ਤੀਜੀ ਵਾਰ — ਮਈ, 2004
ਚੌਥੀ ਵਾਰ — ਫਰਵਰੀ,2018

ਪ੍ਰਕਾਸ਼ਕ : **ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ**

ਪਤਾ — ਸ਼ਹੀਦ ਭਗਤ ਸਿੰਘ ਭਵਨ, ਸੀਲੋਆਣੀ ਰੋਡ,
ਰਾਏਕੋਟ, ਜ਼ਿਲ੍ਹਾ-ਲੁਧਿਆਣਾ 141109
ਫੋਨ ਨੰ. 098155-87807.
ਈਮੇਲ : janchetnapb@gmail.com

ਛਾਪਕ : ਆਰਨਾ ਪ੍ਰਿੰਟਿੰਗ ਪ੍ਰੈੱਸ, ਫੋਕਲ ਪੁਆਂਇੰਟ, ਪਟਿਆਲਾ

**ਕੀਮਤ : 10 ਰੁਪਏ**

# ਫ਼ਿਲਾਸਫ਼ੀ ਦਾ ਅਧਿਐਨ ਕਿਵੇਂ ਸ਼ੁਰੂ ਹੋਇਆ ? ਵਿਰੋਧਤਾਈਆਂ ਕੀ ਸਨ ?

ਚੇਕਿਆਂਗ ਸੂਬੇ ਦੀ ਕਿਆਂਗਸ਼ਾਨ ਕਾਊਂਟੀ ਵਿਚਲੇ ਚਿੰਨ–ਚੀਅਨ ਉਤਪਾਦਨ ਬਰਗੇਡ ਦੇ ਇਸ ਲੇਖੇ–ਜੋਖੇ ਤੋਂ ਪਤਾ ਲੱਗਦਾ ਹੈ ਕਿ ਕਮਿਊਨ ਮੈਂਬਰਾਂ ਨੇ ਚੇਅਰਮੈਨ ਮਾਓ ਦੇ ਫ਼ਿਲਾਸਫ਼ੀ ਦੇ ਲੇਖ ਵਿਰੋਧਤਾਈਆਂ ਬਾਰੇ ਦਾ ਕਿਵੇਂ ਅਧਿਐਨ ਕੀਤਾ ਤੇ ਕਿਵੇਂ ਇਸ ਨੂੰ ਅਮਲ ਵਿੱਚ ਲਿਆਂਦਾ।

ਜਿਥੋਂ ਤੱਕ ਵਿਰੋਧਤਾਈਆਂ ਦਾ ਸੁਆਲ ਹੈ ਇਹ ਹਮੇਸ਼ਾ ਤੇ ਹਰ ਥਾਂ ਬਾਹਰਮੁਖੀ ਤੌਰ ’ਤੇ ਮੌਜੂਦ ਹੁੰਦੀਆਂ ਹਨ ਅਤੇ ਹਰ ਇੱਕ ਦਾ ਇਹਨਾਂ ਨਾਲ਼ ਰੋਜ਼ਾਨਾ ਵਾਹ ਪੈਂਦਾ ਹੈ। ਪਰ ਵਿਰੋਧਤਾਈਆਂ ਦੇ ਖਾਸੇ ਨੂੰ ਠੀਕ ਢੰਗ ਨਾਲ਼ ਸਮਝਣਾ ਤੇ ਉਹਨਾਂ ਨੂੰ ਹੱਲ ਕਰਨਾ ਬਿਲਕੁਲ ਹੀ ਵੱਖਰੀ ਗੱਲ ਹੈ।

ਚਿੰਨ ਚੀਅਨ ਬਰਗੇਡ ਚੇਕਿਆਂਗ ਤੇ ਕਿਆਂਗਸੀ ਸੂਬਿਆਂ ਵਿਚਲੀ ਹੱਦ ਉੱਤੇ ਹੈ। ਇਸ ਦਾ ਰਕਬਾ ਲਗਭਗ ਡੇਢ ਸੌ ਏਕੜ ਹੈ, ਜਿਹਨਾਂ ਵਿੱਚੋਂ ਤੇਰਾਂ ਖੱਤੇ ਰੇਤਲੀਆਂ ਢਲਾਨਾਂ ਉੱਤੇ ਹਨ। ਧਰਤੀ ਉਪਜਾਊ ਨਹੀਂ ਸੀ, ਜਦ ਮੀਂਹ ਵਰਦਾ, ਪਾਣੀ ਢਲਾਨਾਂ ਤੋਂ ਰਿੜ੍ਹ ਜਾਂਦਾ ਅਤੇ ਇਸ ਨੂੰ ਜਮ੍ਹਾਂ ਨਹੀਂ ਸੀ ਕੀਤਾ ਜਾ ਸਕਦਾ। ਮੁਕਤੀ ਤੋਂ ਪਹਿਲੋਂ ਏਥੋਂ ਦੇ ਗਰੀਬ ਤੇ ਹੇਠਲੇ–ਦਰਮਿਆਨੇ ਕਿਸਾਨ, ਕੌਮਿਨਤਾਂਗੀ ਪਿਛਾਂਹ–ਖਿੱਚੂਆਂ, ਜਗੀਰਦਾਰਾਂ ਤੇ ਅਮੀਰ ਕਿਸਾਨਾਂ ਦੀ ਜੁੱਤੀ ਥੱਲੇ ਪਸ਼ੂਆਂ ਨਾਲ਼ੋਂ ਵੀ ਭੈੜੀ ਜ਼ਿੰਦਗੀ ਜਿਊ ਰਹੇ ਸਨ। ਮੁਕਤੀ ਤੋਂ ਬਾਅਦ ਉਹਨਾਂ ਨੂੰ ਆਪਣੀ ਜ਼ਮੀਨ ਮਿਲ ਗਈ, ਪਰ ਵਿਅਕਤੀਗਤ ਖੇਤੀ ਹੋਣ ਕਰਕੇ ਕੁਝ, ਮਿਹਨਤੀ ਸ਼ਕਤੀ ਦੀ ਘਾਟ ਹੋਣ ਕਰਕੇ ਜਾਂ ਹੋਰਾਂ ਕਾਰਨਾਂ ਕਰਕੇ ਉਹ ਗਰੀਬ ਹੋ ਗਏ ਅਤੇ ਉਹਨਾਂ ਨੂੰ ਆਪਣੀ ਜਮੀਨ ਵੇਚਣੀ ਪਈ। ਇਸ ਲਈ ਪਾੜਾ ਵਧਣਾ ਸ਼ੁਰੂ ਹੋ ਗਿਆ, ਫਿਰ ਚਿੰਨ ਚੀਅਨ ਇਲਾਕੇ ਵਿੱਚ ਸਹਿਕਾਰੀ ਖੇਤੀ ਦੀਆਂ ਸਭਾਵਾਂ ਕਾਇਮ ਕੀਤੀਆਂ ਗਈਆਂ। 1955 ਵਿੱਚ ਭਗੌੜੇ ਛੁਪੇ ਗੱਦਾਰ ਤੇ ਮੱਕਾਰ ਲਿਊ ਸ਼ਾਓ–ਚੀ ਅਤੇ ਚੇਕਿਆਂਗ ਸੂਬੇ ਵਿੱਚ ਉਹ ਦੇ ਏਜੰਟਾਂ ਨੇ ਸਹਿਕਾਰੀ ਲਹਿਰ ਨੂੰ ਢਾਹ ਲਾਉਣ ਲਈ ਸਹਿਕਾਰੀ ਸਭਾਵਾਂ ਦੀ ਗਿਣਤੀ ਘਟਾਅ ਦਿੱਤੀ, ਪਰੰਤੂ ਗਰੀਬ ਤੇ ਹੇਠਲੇ–ਦਰਮਿਆਨੇ ਦਰਜ਼ੇ ਦੇ ਲੋਕਾਂ ਨੇ ਲਿਊ ਸ਼ਾਓ–ਚੀ ਦੀ ਇਸ ਸਕੀਮ ਨੂੰ ਫੇਲ੍ਹ ਕਰ ਦਿੱਤਾ। ਪ੍ਰਧਾਨ ਮਾਓ ਦੀ **ਖੇਤੀਬਾੜੀ ਸਹਿਕਾਰਤਾ ਦੇ ਸੁਆਲ ਬਾਰੇ** ਬਾ–ਮੌਕਾ ਰਿਪੋਰਟ ਨੇ ਉਹਨਾਂ ਦਾ ਪੱਖ ਲਿਆ। ਉਤਪਾਦਨ ਤੇਜ਼ੀ ਨਾਲ਼ ਵਧਿਆ। 1960–62 ਦੇ ਤਿੰਨਾਂ ਸਾਲਾਂ ਵਿੱਚ, ਜਦੋਂ ਚੀਨ ਦੀ ਆਰਥਿਕਤਾ ਨੂੰ ਆਰਜ਼ੀ ਮੁਸ਼ਕਲਾਂ ਪੇਸ਼ ਆਈਆਂ ਤਾਂ ਲਿਊ ਸ਼ਾਓ–ਚੀ ਨੇ ਸਾਨ ਜੀ ਯੀ ਬਾਓ (ਖੁੱਲੀ ਮੰਡੀ ਦਾ ਪਸਾਰਾ, ਨਿੱਜੀ ਖੱਤਿਆਂ ਦਾ ਪਸਾਰਾ, ਛੋਟੇ ਧੰਦਿਆਂ ਦਾ ਵਾਧਾ–ਜੋ ਆਪਣੇ ਵਾਧੇ–ਘਾਟੇ ਲਈ ਖੁਦ ਜ਼ੁੰਮੇਵਾਰ ਹੋਣੇ ਸਨ, ਵਿਅਕਤੀਗਤ ਘਰਾਂ ਨੂੰ ਉਤਪਾਦਨ ਦਾ ਕੋਟਾ ਲਾਉਣਾ) ਦੀ ਗੰਦੀ ਤਜਵੀਜ਼ ਨੂੰ ਹਵਾ ਦਿੱਤੀ, ਜਿਹੜੀ ਬਰਗੇਡ ਵਿੱਚ ਵੀ ਪਹੁੰਚ ਗਈ। ਕਾਮਰੇਡ ਫਿਰ ਇਸ ਨੂੰ ਪਛਾੜਨ ਵਿੱਚ ਸਫ਼ਲ ਹੋ ਗਏ, ਪਰ ਬਹੁਤ ਸਖ਼ਤ ਕੋਸ਼ਿਸ਼ਾਂ ਤੋਂ ਬਾਅਦ।

ਕਈ ਸਾਲਾਂ ਤੱਕ ਬਰਗੇਡ ਪਾਰਟੀ ਸ਼ਾਖ਼ਾ ਦੇ ਸਕੱਤਰ ਤੇ ਮੀਤ ਸਕੱਤਰ ਚਿਆਂਗ-ਜ਼ੂ-ਵਾਂਙ ਤੇ ਤਾਈ-ਸਿਆਂਗ-ਮੇਈ ਵਰਗੇ ਕਾਰਕੁੰਨ ਅਸਲ ਵਿੱਚ ਵਿਰੋਧਤਾਈਆਂ ਨੂੰ ਰੋਜ਼ਾਨਾ ਨਜਿੱਠਦੇ ਰਹੇ। ਬਰਗੇਡ ਦੇ ਗਰੀਬ ਤੇ ਹੇਠਲੇ ਦਰਮਿਆਨੇ-ਕਿਸਾਨ ਅਤੇ ਹੋਰ ਵੀ, ਇਸ ਤਰ੍ਹਾਂ ਕਰਦੇ ਰਹੇ। ਫਿਰ ਵੀ ਉਹ ਵਿਰੋਧਤਾਈਆਂ ਦੇ ਅਸਲ ਖਾਸੇ ਨੂੰ ਨਹੀਂ ਸਨ ਸਮਝਦੇ ਅਤੇ ਆਪਣੇ ਕੰਮ ਦੌਰਾਨ ਜਿਹੜੀਆਂ ਮੁਸ਼ਕਲਾਂ ਦੇ ਝਗੜੇ ਉਹਨਾਂ ਨੂੰ ਪੇਸ਼ ਆਉਂਦੇ, ਉਹਨਾਂ ਦੇ ਜਿੰਮੇਵਾਰ ਘੱਟ ਵਿਕਸਤ ਸਹਿਕਾਰੀ ਆਰਥਕਤਾ ਤੇ ਕਿਸਾਨਾਂ ਦੇ ਨੀਵੇਂ ਮਿਆਰ ਨੂੰ ਹੀ ਠਹਿਰਾਉਂਦੇ। ਉਹ ਸੋਚਦੇ ਕਿ ਜਦੋਂ ਭਵਿੱਖ ਵਿਚ ਉਹਨਾਂ ਦੀ ਹਾਲਤ ਬੇਹਤਰ ਹੋ ਜਾਵੇਗੀ ਤਾਂ ਮੁਸ਼ਕਲਾਂ ਤੇ ਵਿਰੋਧਤਾਈਆਂ ਆਪਣੇ-ਆਪ ਹੀ ਹੱਲ ਹੋ ਜਾਣਗੀਆਂ।

1963 ਤੱਕ ਬਰਗੇਡ ਦੀ ਅਨਾਜ ਦੀ ਔਸਤ ਉਪਜ ਆਜ਼ਾਦੀ ਦੇ ਮੁੱਢਲੇ ਸਾਲਾਂ ਦੇ 9 ਕੁਇੰਟਲ ਫ਼ੀ ਏਕੜ ਤੋਂ ਵੱਧ ਕੇ 24 ਕੁਇੰਟਲ ਫ਼ੀ ਏਕੜ ਹੋ ਗਈ। ਸਹਿਕਾਰੀ ਆਰਥਿਕਤਾ ਤੇਜ਼ੀ ਨਾਲ਼ ਵਧੀ। ਕਈ ਕਮਿਊਨ ਮੈਂਬਰਾਂ ਨੇ ਵਧੀਆ ਘਰ ਬਣਾ ਲਏ ਤੇ ਕਿਸਾਨਾਂ ਦੀ ਆਮ ਹਾਲਤ ਵਾਹਵਾ ਸੁਧਰ ਗਈ। ਉਪਰਲੀ ਦਲੀਲ ਅਨੁਸਾਰ ਵਿਰੋਧਤਾਈਆਂ ਨੂੰ ਸੁਭਾਵਕ ਹੀ ਅਲੋਪ ਹੋ ਜਾਣਾ ਚਾਹੀਦਾ ਸੀ, ਪਰ ਹੋਈਆਂ ਨਹੀਂ।

ਖੁਸ਼ਹਾਲੀ ਕਾਰਨ ਕਈ ਫੇਰ ਪਿਛਾਂਹ ਵੱਲ ਤਿਲਕ ਗਏ ਤੇ ਉਹਨਾਂ ਨੇ ਆਪਣੀ ਸੋਚ ਦਾ ਇਨਕਲਾਬੀਕਰਨ ਕਰਨਾ ਛੱਡ ਦਿੱਤਾ। ਜਿਹੜੇ ਕਾਰਕੁੰਨ ਜ਼ੁੰਮੇਵਾਰੀਆਂ ਦਾ ਭਾਰ ਨਹੀਂ ਸਨ ਚੁੱਕਣਾ ਚਾਹੁੰਦੇ, ਉਹਨਾਂ ਦੇ ਮਨ ਵਿੱਚ ਫੇਰ ਇਹ ਵਿਚਾਰ ਉਗਮ ਪਿਆ ਕਿ "ਕਾਰਕੁੰਨ ਬਣਨ ਦਾ ਕੋਈ ਫ਼ਾਇਦਾ ਨਹੀਂ" ਤੇ ਕਈਆਂ ਨੇ ਸੋਚਿਆ ਕਿ "ਬਰਗੇਡ ਦਾ ਉਤਪਾਦਨ ਆਪਣੀ ਵੱਧ ਤੋਂ ਵੱਧ ਹੱਦ ਤੱਕ ਪਹੁੰਚ ਗਿਆ ਹੈ।"

ਪਾਰਟੀ ਸ਼ਾਖ਼ਾ ਦੇ ਕਾਮਰੇਡਾਂ ਨੂੰ ਪ੍ਰੇਸ਼ਾਨ ਕਰਨ ਵਾਲ਼ੀਆਂ ਕਈ ਸੱਮਸਿਆਵਾਂ ਦਰਪੇਸ਼ ਵੀ ਸਨ, ਜਿਹਨਾਂ ਵਿੱਚੋਂ ਇੱਕ ਮੱਛੀਆਂ ਦੇ ਤਲਾਅ ਨੂੰ ਵਰਤੋਂ ਵਿੱਚ ਲਿਆਉਣ ਨਾਲ਼ ਸੰਬੰਧਿਤ ਸੀ।

ਬਰਗੇਡ ਦਾ ਹਰ ਇੱਕ ਉਤਪਾਦਕ ਟੋਲੀ ਕੋਲ਼ ਤਲਾਅ ਸਨ ਤੇ ਬਹੁਤੇ ਮੈਂਬਰਾਂ ਦਾ ਵਿਚਾਰ ਸੀ ਕਿ ਤਲਾਵਾਂ ਨੂੰ ਸਮੂਹਕ ਤੌਰ ਤੇ ਮੱਛੀਆਂ ਪਾਲਣ ਲਈ ਵਰਤਿਆ ਜਾਣਾ ਚਾਹੀਦਾ ਹੈ, ਤਾਂਕਿ ਸਮੂਹਕ ਆਰਥਿਕਤਾ ਤਕੜੀ ਹੋਵੇ, ਪਰ ਥੋੜ੍ਹੇ ਜਿਹੇ ਮੈਂਬਰ, ਜਿਹਨਾਂ ਦਾ ਸੁੱਤੇ-ਸਿੱਧ ਝੁਕਾਅ ਸਰਮਾਏਦਾਰੀ ਵੱਲ ਸੀ, ਸਹਿਮਤ ਨਹੀਂ ਸਨ ਤੇ ਉਹਨਾਂ ਨੇ ਕਿਹਾ ਕਿ ਤਲਾਅ ਨਿੱਜੀ ਤੌਰ ਤੇ ਮੱਛੀਆਂ ਪਾਲਣ ਲਈ ਕਿਰਾਏ ਉੱਤੇ ਦੇ ਦੇਣੇ ਚਾਹੀਦੇ ਹਨ। ਕਾਫ਼ੀ ਦਲੀਲਬਾਜ਼ੀ ਤੋਂ ਬਾਅਦ ਉਤਪਾਦਕ ਟੋਲੀ ਦੇ ਆਗੂ ਨੇ ਇਸ ਪਿਛਲੀ ਰਾਇ ਨੂੰ ਮੰਨ ਲਿਆ ਤੇ ਇਉਂ ਲੱਗਦਾ ਸੀ ਜਿਵੇਂ ਵਿਰੋਧਤਾਈ ਖ਼ਤਮ ਹੋ ਗਈ ਹੋਵੇ।

1964 ਦੀਆਂ ਗਰਮੀਆਂ ਦੇ ਖੁਸ਼ਕ ਮੌਸਮ ਦੌਰਾਨ ਝੋਨੇ ਦੀ ਹਰੀ ਪਨੀਰੀ ਪੀਲ਼ੀ ਪੈਣੀ ਸ਼ੁਰੂ ਹੋ ਗਈ, ਤਾਂ ਟੋਲੀ ਦੇ ਆਗੂ ਨੇ ਤਲਾਅ ਦੇ ਪਾਣੀ ਨਾਲ਼ ਪੈਲ਼ੀਆਂ ਸਿੰਞਨਾ ਸਭ ਤੋਂ ਠੀਕ ਸਮਝਿਆ, ਪਰੰਤੂ ਇੱਕ ਮੈਂਬਰ ਜਿਹੜਾ ਨਿੱਜੀ ਤੌਰ 'ਤੇ ਮੱਛੀਆਂ

ਪਾਲ਼ਦਾ ਸੀ ਕਹਿਣ ਲੱਗਾ "ਕਿ ਇਹਦਾ ਮਤਲਬ ਇਹ ਹੋਇਆ ਕਿ ਤਲਾਅ ਖਾਲੀ ਹੋਣ ਨਾਲ਼ ਮੇਰਾ ਪੂੰਗ ਮਰ ਜਾਏ?" ਇਥੇ ਇੱਥੇ ਵਿਰੋਧਤਾਈ ਮੌਜੂਦ ਸੀ ਕੀ ਕੀਤਾ ਜਾਏ?

ਟੋਲੀ ਦੇ ਆਗੂ ਨੇ ਕਿਹਾ-"ਆਓ, ਆਪਾਂ ਮਸਲੇ 'ਤੇ ਵਿਚਾਰ ਕਰੀਏ। ਅਸੀਂ ਤਲਾਅ ਦੇ ਪਾਣੀ ਨਾਲ਼ ਪੈਲ਼ੀਆਂ ਸਿੰਜ਼ੀਏ ਜਾਂ ਨਾ? ਅਸੀਂ ਇਸ ਬਾਰੇ ਫ਼ੈਸਲਾ ਕਰਾਂਗੇ।"

ਟੋਲੀ ਦੇ ਮੈਂਬਰ ਬੋਲੇ- "ਹਾਂ, ਬਿਨਾਂ ਸ਼ੱਕ, ਅਸੀਂ ਤਲਾਅ ਦਾ ਪਾਣੀ ਵਰਤਾਂਗੇ। ਕੀ ਅਸੀਂ ਫ਼ੈਸਲਾ ਸੁਣਾ ਸਕਦੇ ਹਾਂ ਤੇ ਸਹਿਕਾਰੀ ਆਰਥਿਕਤਾ ਨੂੰ ਨੁਕਸਾਨ ਪੁਚਾ ਸਕਦੇ ਹਾਂ, ਜਦ ਕਿ ਤਲਾਅ ਦਾ ਪਾਣੀ ਬੇਕਾਰ ਖਲੋਤਾ ਰਹੇ? ਇਸ ਵਿੱਚ ਭਲਾਂ ਕੀ ਅਕਲਮੰਦੀ ਹੈ?"

ਜਦ ਇਸ ਸਕੀਮ 'ਤੇ ਅਮਲ ਕੀਤਾ ਗਿਆ, ਤਾਂ ਮੱਛੀਆਂ ਪਾਲ਼ਣ ਵਾਲ਼ਾ ਬਹੁਤ ਔਖਾ ਹੋਇਆ ਤੇ ਬੋਲਿਆ- "ਪਹਿਲਾਂ ਤੁਸੀਂ ਨਿੱਜੀ ਤੌਰ 'ਤੇ ਮੱਛੀਆਂ ਪਾਲਣ ਲਈ ਮੰਨੇ ਸੀ, ਹੁਣ ਤੁਸੀਂ ਸਿੰਜਾਈ ਵਾਸਤੇ ਪਾਣੀ ਕੱਢ ਰਹੇ ਹੋ। ਇਹ ਦੋਵੇਂ ਫ਼ੈਸਲੇ ਆਪਾ ਵਿਰੋਧੀ ਹਨ।"

ਟੋਲੀ ਦਾ ਆਗੂ ਤੈਸ਼ ਵਿੱਚ ਆ ਗਿਆ ਤੇ ਉਹਨੇ ਮੋੜਵਾਂ ਜੁਆਬ ਦਿੱਤਾ - "ਤੂੰ ਖ਼ੁਦ ਵੀ ਤਾਂ ਆਪਾ ਵਿਰੋਧੀ ਹੈ।" ਉਹ ਕਿੰਨਾ ਚਿਰ ਇਸ ਮਸਲੇ 'ਤੇ ਬਹਿਸ ਕਰਦੇ ਰਹੇ, ਪਰ ਇਸ ਨੂੰ ਹੱਲ ਨਾ ਕਰ ਸਕੇ। ਫਿਰ ਉਹ ਚਿਆਂਗ-ਜ਼ੂ-ਵਾਂਙ ਕੋਲ ਉਸ ਦੀ ਰਾਏ ਲੈਣ ਗਏ।

ਕਈਆਂ ਟੋਲੀਆਂ ਨੂੰ ਇਸ ਵਿਰੋਧਤਾਈ ਦਾ ਸਾਹਮਣਾ ਕਰਨਾ ਪਿਆ ਜੋ ਕਿ ਬਹੁਤ ਤਿੱਖੀ ਹੋ ਗਈ ਸੀ। ਖਿਆਂਗ-ਜ਼ੂ-ਵਾਂਙ ਤੇ ਪਾਰਟੀ ਸ਼ਾਖ਼ਾ ਦੇ ਦੂਸਰੇ ਸਾਥੀਆਂ ਨੇ ਮਹਿਸੂਸ ਕੀਤਾ ਕਿ ਜੋ ਤਲਾਅ ਸਾਂਝਾ ਹੈ ਉਸ ਵਿੱਚ ਨਿੱਜੀ ਤੌਰ 'ਤੇ ਮੱਛੀਆਂ ਪਾਲ਼ਣ ਦੀ ਆਗਿਆ ਦੇਣੀ ਗ਼ਲਤ ਹੈ ਪਰ ਉਹਨਾਂ ਕੋਲ਼ ਕੋਈ ਦਲੀਲ ਨਹੀਂ ਸੀ, ਜਿਸ ਨਾਲ਼ ਉਹ ਸੰਬੰਧਤ ਮੈਂਬਰਾਂ ਨੂੰ ਰਜ਼ਾਮੰਦ ਕਰ ਸਕਦੇ, ਇਸ ਲਈ ਸਮੱਸਿਆ ਉਵੇਂ ਹੀ ਖੜੀ ਰਹੀ।

ਉਸ ਸਾਲ ਦੀ ਪਤਝੜ ਰੁੱਤੇ ਚਿੰਨ ਚੀਅਨ ਬਰਗੇਡ ਵਿੱਚ 'ਚਾਰ ਸ਼ੁੱਧੀਆਂ ਦੀ ਲਹਿਰ' (ਰਾਜਨੀਤੀ, ਵਿਚਾਰਧਾਰਾ, ਜੱਥੇਬੰਦੀ ਅਤੇ ਆਰਥਿਕਤਾ ਦੇ ਖੇਤਰ ਅੰਦਰ ਸ਼ੁੱਧੀਕਰਨ ਦੀ ਮੁਹਿੰਮ) ਚੱਲੀ। ਚਿਆਂਗ-ਜ਼ੂ-ਵਾਂਙ ਤੇ ਤਾਈ-ਸਿਆਂਗ-ਮੇਈ ਨੇ ਬਰਗੇਡ ਵਿੱਚ ਬਹੁਤੀਆਂ ਵਿਰੋਧਤਾਈਆਂ ਦੇ ਹੱਲ ਵਜੋਂ ਇਸ ਲਹਿਰ ਦਾ ਸੁਆਗਤ ਕੀਤਾ।

ਤਾਂ ਵੀ, ਲਹਿਰ ਆਪ ਵੀ ਵਿਰੋਧਤਾਈਆਂ ਤੇ ਘੋਲ਼ਾਂ ਨਾਲ਼ ਭਰੀ ਹੋਈ ਸੀ। ਮੁੱਢ ਵਿੱਚ ਬਰਗੇਡ ਵਿੱਚ ਭੇਜੀ ਗਈ ਕਾਰਜ-ਟੋਲੀ ਨੇ ਲਿਊ ਸ਼ਾਓ-ਚੀ ਦੀ ਬੁਰਜੂਆ ਪਿਛਾਂਹ-ਖਿੱਚੂ ਲੀਹ ਅਪਣਾਈ ਤੇ ਪਿੰਡ ਵਿੱਚ ਪੈਰ ਧਰਦਿਆਂ ਹੀ ਉਸ ਨੇ ਇਹ ਕਹਿੰਦੇ ਹੋਏ ਪਰਿਵਾਰਕ ਰੁਤਬੇ ਦੇ ਰਿਕਾਰਡਾਂ ਦੀ ਪੜਤਾਲ ਕੀਤੀ ਕਿ ਗਰੀਬ ਤੇ ਹੇਠਲੇ ਦਰਮਿਆਨੇ ਕਿਸਾਨ ਦੀ ਇੱਕ ਸਭਾ ਬਣਨੀ ਹੈ। ਇਹ ਸਭਾ ਗਰੀਬ ਜਾਂ ਦਰਮਿਆਨੇ ਕਿਸਾਨ ਪਰਿਵਾਰ ਵਿੱਚੋਂ ਕਿਸੇ ਵੀ ਅਜਿਹੇ ਬੰਦੇ ਨੂੰ ਸ਼ਾਮਲ ਨਹੀਂ ਕਰੇਗਾ ਜੋ ਮੁਕਤੀ ਤੋਂ ਪਿੱਛੋਂ ਕਿਸੇ ਸਮੇਂ ਵੀ ਕਰਕੁੰਨ ਰਿਹਾ ਹੋਵੇ। ਇਸ ਤਰ੍ਹਾਂ ਸਾਰੇ ਕਾਰਕੁੰਨਾਂ ਨੂੰ ਇੱਕ-ਵੱਢਿਓਂ ਹੀ ਗੁੱਠੇ ਲਾਇਆ ਗਿਆ। ਕਾਰਜ-ਟੋਲੀ ਹਰ ਬੰਦੇ 'ਤੇ ਇਤਬਾਰ ਕਰਦੀ ਜਿਹੜਾ ਕਾਰਕੁੰਨ ਦੇ ਖਿਲਾਫ਼ ਬੋਲਦਾ। ਉਸ ਮੈਂਬਰ ਨੇ ਵੀ ਜੋ ਨਿੱਜੀ ਤੌਰ 'ਤੇ ਮੱਛੀਆਂ ਪਾਲ਼ਦਾ

ਸੀ, ਆਪਣਾ ਮਸਲਾ ਕਾਰਜ-ਟੋਲੀ ਅੱਗੇ ਰੱਖਿਆ। ਮੌਕੇ ਦਾ ਲਾਹਾ ਲੈਂਦਿਆਂ ਕਈ ਰਹਿ ਚੁੱਕੇ ਜਗੀਰਦਾਰਾਂ ਤੇ ਧਨੀ ਕਿਸਾਨਾਂ ਨੇ ਵੀ ਆਪਣੇ ਖਿਲਾਫ਼ ਹੋਏ ਫ਼ੈਸਲਿਆਂ ਨੂੰ ਪੁੱਠਾ ਗੇੜ ਦੇਣ ਦੀ ਕੋਸ਼ਿਸ਼ ਕੀਤੀ ਅਤੇ ਪਿਛਾਂਹ-ਖਿੱਚੂ ਹੈਂਕੜ ਦਾ ਬੋਲਬਾਲਾ ਹੋ ਗਿਆ। ਗੰਦੀ ਹਵਾ ਨੂੰ ਰੋਕਣ ਦੀ ਥਾਂ ਕਾਰਜ-ਟੋਲੀ ਕਾਰਕੁੰਨਾਂ ਨੂੰ ਝਾੜ-ਝੰਬ ਕਰਦੀ ਅਤੇ ਇਸ ਤਰ੍ਹਾਂ ਉਸ ਨੇ ਪਾਰਟੀ ਸ਼ਾਖ਼ਾ ਨਾਲ਼ ਖਾਹ-ਮ-ਖਾਹ ਦਾ ਰੱਟਾ ਖੜਾ ਕਰ ਲਿਆ। ਕਾਰਕੁੰਨਾਂ ਵੱਲ ਇਸ਼ਾਰਾ ਕਰਦਿਆਂ, ਕਾਰਜ-ਟੋਲੀ ਦਾ ਇੱਕ ਮੈਂਬਰ ਕਹਿਣ ਲੱਗਾ -"ਚਾਰ ਸ਼ੁੱਧੀਆਂ ਤੇ ਚਾਰ ਅਸ਼ੁੱਧੀਆਂ ਹੀ ਇਸ ਵੇਲੇ ਪੇਂਡੂ ਇਲਾਕਿਆਂ ਦੀ ਮੁੱਖ ਵਿਰੋਧਤਾਈ ਬਣਦੀਆਂ ਹਨ। ਵਿਰੋਧਤਾਈਆਂ ਦੇ ਕੇਂਦਰ-ਬਿੰਦੂ ਤੁਸੀਂ ਹੋ।"

ਇਹਨਾਂ ਸ਼ਬਦਾਂ ਨੇ ਪਾਰਟੀ ਸ਼ਾਖ਼ਾ ਦੇ ਸਾਥੀਆਂ ਨੂੰ ਝਟਕਾ ਲਾਇਆ। "ਮੁੱਖ ਵਿਰੋਧਤਾਈ" ਤੇ "ਵਿਰੋਧਤਾਈਆਂ ਦੇ ਕੇਂਦਰ-ਬਿੰਦੂ ਕੀ ਸਨ ?" ਆਖਿਰ ਉਹਨਾਂ ਦੀਆਂ ਵਿਰੋਧਤਾਈਆਂ ਸਨ ਕੀ ? ਉਹ ਉਹਨਾਂ ਨੂੰ ਕਿਵੇਂ ਨਜਿੱਠਣ ? ਉਹਨਾਂ ਨੇ ਕਾਰਜ-ਟੋਲੀ ਦੇ ਮੈਂਬਰ ਦੀ ਉਸ ਗੱਲ ਦਾ ਬੁਰਾ ਮਨਾਇਆ। ਪਿੱਛੋਂ ਗਰਮਾ-ਗਰਮ ਬਹਿਸ ਚੱਲੀ। ਪਰ ਸਿੱਟਾ ਕੋਈ ਨਾ ਨਿਕਲਿਆ।

ਚਿਆਂਗ-ਜ਼ੂ-ਵਾਂਙ ਤੇ ਉਸ ਦੇ ਸਾਥੀਆਂ ਸਾਹਮਣੇ ਨਿਤਾਰਾ ਕਰਨ ਵਾਲੀਆਂ ਢੇਰ ਸਾਰੀਆਂ ਵਿਰੋਧਤਾਈਆਂ ਪਈਆਂ ਸਨ। ਉਸ ਨੇ 1959 ਵਿੱਚ ਫ਼ੌਜੀਆਂ ਵੱਲੋਂ ਵਿੱਛੜਨ ਸਮੇਂ ਕਹੇ ਗਏ ਸ਼ਬਦ ਚੇਤੇ ਕੀਤੇ, ਜਿਹਨਾਂ ਨੇ ਕਿ ਲੋਕ-ਕਮਿਊਨਾਂ ਨੂੰ ਪੱਕੇ-ਪੈਰੀਂ ਕਰਨ ਤੇ ਕੰਮ-ਢੰਗ ਠੀਕ ਕਰਨ ਵਿੱਚ ਮਦਦ ਕੀਤੀ ਸੀ। ਫ਼ੌਜੀਆਂ ਦੇ ਸ਼ਬਦ ਸਨ-"ਜਦੋਂ ਸਮੱਸਿਆਵਾਂ ਪੇਸ਼ ਆਉਣ ਤਾਂ ਪ੍ਰਧਾਨ ਮਾਓ ਦੇ ਲੇਖ ਪੜ੍ਹੋ ਤੇ ਜੁਆਬ ਲੱਭੋ।" ਉਸ ਦਾ ਦਿਮਾਗ ਸਾਫ਼ ਹੋ ਗਿਆ ਅਤੇ ਸਾਥੀਆਂ ਵੱਲ ਭਰੋਸੇ ਨਾਲ਼ ਦੇਖਦਿਆਂ ਉਸ ਨੇ ਕਿਹਾ-"ਵਿਰੋਧਤਾਈਆਂ ਹਰ ਥਾਂ ਹਨ। ਆਖ਼ਰ ਉਹ ਵਿਰੋਧਤਾਈਆਂ ਕਿਸ ਕਿਸਮ ਦੀਆਂ ਹਨ ? ਕੀ ਪ੍ਰਧਾਨ ਮਾਓ ਦਾ **ਵਿਰੋਧਤਾਈਆਂ ਬਾਰੇ** ਲਿਖਿਆ ਲੇਖ ਨਹੀਂ ਹੈ। ਉਹ ਸਾਡੀਆਂ ਵਿਰੋਧਤਾਈਆਂ ਲਾਜ਼ਮੀ ਹੱਲ ਕਰ ਦੇਵੇਗਾ।"

ਇਹ ਸੀ ਸਮਾਂ ਜਦੋਂ ਪਾਰਟੀ ਸਾਥੀਆਂ ਨੇ **ਵਿਰੋਧਤਾਈਆਂ ਬਾਰੇ** ਲੇਖ ਪੜ੍ਹਨਾ ਸ਼ੁਰੂ ਕੀਤਾ।

***

# ਬਿਖੜਾ ਪੈਂਡਾ

ਪਾਰਟੀ ਸ਼ਾਖ਼ਾ ਦੇ ਸਾਥੀਆਂ ਲਈ ਪ੍ਰਧਾਨ ਮਾਓ ਦੀਆਂ ਫ਼ਿਲਾਸਫ਼ੀ ਦੀਆਂ ਰਚਨਾਵਾਂ ਦਾ ਅਧਿਐਨ ਕਰਨਾ ਤੇ ਇਹਨਾਂ ਨੂੰ ਲਾਗੂ ਕਰਨਾ ਕੋਈ ਸੌਖੀ ਗੱਲ ਨਹੀਂ ਸੀ। ਉਹਨਾਂ ਦਾ ਰਾਹ ਮੋੜਾਂ-ਘੋੜਾਂ ਵਾਲਾ ਸੀ।

ਉਹਨਾਂ ਨੂੰ ਅਧਿਐਨ ਕਿਵੇਂ ਕਰਨਾ ਚਾਹੀਦਾ ਹੈ? ਇਹ ਉਹਨਾਂ ਦਾ ਪਹਿਲਾ ਸੁਆਲ ਸੀ। ਉਹਨਾਂ ਨੇ, ਬਿਨਾਂ ਇਸ ਗੱਲ ’ਤੇ ਜ਼ੋਰ ਦਿੱਤਿਆਂ ਕਿ ਹੱਥਲੀਆਂ ਵਿਸ਼ੇਸ਼ ਸਮੱਸਿਆਵਾਂ ਨੂੰ ਕਿਵੇਂ ਹੱਲ ਕੀਤਾ ਜਾਵੇ-ਸਕੂਲੀ ਬੱਚਿਆਂ ਵਾਂਗ ਲੇਖ ਨੂੰ ਪੈਰ੍ਹਾ-ਪੈਰ੍ਹਾ ਕਰਕੇ ਪੜ੍ਹਨਾ ਸ਼ੁਰੂ ਕਰ ਦਿੱਤਾ। ਪਾਰਟੀ ਮੈਂਬਰ ਹਰ ਸ਼ਾਮ, ਪਾਰਟੀ ਸ਼ਾਖ਼ਾ ਦੇ ਸਕੱਤਰ ਜਿਆਂਗ-ਜ਼ੂ-ਵਾਂਙ ਕੋਲ਼ ਜੁੜ ਬਹਿੰਦੇ ਤੇ ਉਹ ਵਿਰੋਧਤਾਈਆਂ ਬਾਰੇ ਲੇਖ ਪੜ੍ਹ ਕੇ ਸੁਣਾਂਦਾ। ਭਾਵੇਂ ਚਿਆਂਗ-ਜ਼ੂ-ਵਾਂਙ ਨੇ ਸਕੂਲ ਵਿੱਚ ਕੁੱਝ ਸਾਲ ਹੀ ਲਾਏ ਸਨ ਪਰ ਫਿਰ ਵੀ ਉਹ ਆਪਣੇ ਸਾਥੀਆਂ ਨਾਲ਼ੋਂ ਵੱਧ ਪੜ੍ਹਿਆ-ਲਿਖਿਆ ਸੀ। ਇਹ ਪਹਿਲਾ ਮੌਕਾ ਸੀ ਕਿ ਉਸ ਨੇ ਫ਼ਿਲਾਸਫ਼ੀ ਦਾ ਕੋਈ ਲੇਖ ਪੜ੍ਹਿਆ ਸੀ ਕਈ ਲਫ਼ਜ਼ਾਂ ਤੋਂ ਉਹ ਜਾਣੂ ਨਹੀਂ ਸੀ। ਵਿੱਚ-ਵਿੱਚ ਉਹ ਅੜ ਜਾਂਦਾ ਤੇ ਸਰੋਤਿਆਂ ਦਾ ਸਿਰ ਘੁੰਮਣ ਲੱਗ ਜਾਂਦਾ। ਫ਼ਿਲਾਸਫ਼ੀ ਆਖ਼ਰ ਹੈ ਕੀ ਸੀ? ਵਿਰੋਧਤਾਈ ਕੀ ਸੀ? ਉਹ ਕਈ ਰਾਤਾਂ ਪੜ੍ਹਦੇ ਰਹੇ ਪਰ ਪੱਲੇ ਕੁਝ ਨਾ ਪਿਆ।

ਭਾਵੇਂ ਫ਼ਿਲਾਸਫ਼ੀ ਦੇ ਅਧਿਐਨ ਦਾ ਫ਼ਾਇਦਾ ਨਹੀਂ ਸੀ ਹੋਇਆ, ਫਿਰ ਵੀ ਗੱਲ ਸਾਰੇ ਘੁੰਮ ਗਈ ਤੇ ਜ਼ਮਾਤੀ ਦੁਸ਼ਮਣਾਂ ਨੇ ਇਹ ਮਹਿਸੂਸ ਕਰਦੇ ਹੋਏ ਕਿ ਇਹ ਗੱਲ ਉਹਨਾਂ ਦੇ ਖਿਲਾਫ਼ ਜਾਂਦੀ ਹੈ, ਪਾਰਟੀ ਕਰਕੁੰਨਾਂ ਦਾ ਦਿਲ ਢਾਹੁਣਾ ਸ਼ੁਰੂ ਕਰ ਦਿੱਤਾ: “ਹੂੰਹ। ਢੋਰ ਵੀ ਫ਼ਿਲਾਸਫ਼ੀ ਪੜ੍ਹਨਾ ਚਾਹੁੰਦੇ ਨੇ। ਇਹ ਤਾਂ ਇਸ ਤਰ੍ਹਾਂ ਦੀ ਹਾਸੋਹੀਣੀ ਗੱਲ ਹੈ ਜਿਵੇਂ ਕੋਈ ਬਿੱਲੀ ਸ਼ੇਰ ਨੂੰ ਰੁੱਖ ’ਤੇ ਚੜ੍ਹਨਾ ਸਿਖਾਵੇ। ਤੇ ਇਹ ਸ਼ੇਰ ਤਾਂ ਅੰਨ੍ਹੇ ਵੀ ਹਨ।”

ਪਿੰਡ ਦੇ ਕਈ ਲੋਕ ਜਿਹਨਾਂ ਨੂੰ ਪੜ੍ਹਾਈ ਦਾ ਬਹੁਤ ਥੋੜ੍ਹਾ ਗਿਆਨ ਸੀ, ਲਿਊ ਸ਼ਾਓ-ਚੀ ਅਤੇ ਫ਼ਿਲਾਸਫ਼ੀ ਦੇ ਹਲਕਿਆਂ ਵਿੱਚ ਉਸ ਦੇ ਏਜੰਟ ਯਾਂਗ-ਸ਼ੀ ਵੱਲੋਂ ਫ਼ੈਲਾਏ ਏਸ ਭੁਲਾਵੇ ਦੇ ਇਸ ਅਸਰ ਹੇਠ ਸਨ ਕਿ “ਫ਼ਿਲਾਸਫ਼ੀ ਗੋਰਖਧੰਦਾ ਹੈ।” ਅਤੇ ਉਹ ਫ਼ਿਲਾਸਫ਼ੀ ਨੂੰ ਗਰੀਬ ਤੇ ਹੇਠਲੇ-ਦਰਮਿਆਨੇ ਕਿਸਾਨਾਂ ਦੀ ਸਮਝ ਤੋਂ ਬਿਲਕੁਲ ਪਰੇ ਸਮਝਦੇ ਸਨ। ਜਿਹਨਾਂ ਨੇ ਫ਼ਿਲਾਸਫ਼ੀ ਦੇ ਅਧਿਐਨ ਦਾ ਹੌਸਲਾ ਕੀਤਾ, ਉਹਨਾਂ ’ਤੇ ਉਹ ਨੱਕ-ਚਾੜ੍ਹਦੇ-“ਜੇ ਤੁਸੀਂ ਅਧਿਐਨ ਕਰਦੇ ਹੋ ਤੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਪੱਲੇ ਪੈ ਜਾਵੇਗਾ? ਭਲਾਂ ਬਾਂਦਰਾਂ ਨੂੰ ਬਨਾਰਸ ਦੀਆਂ ਟੋਪੀਆਂ ਕੀ ਆਖਣ?”

ਜਦ ਪਾਰਟੀ ਸ਼ਾਖ਼ਾ ਦੇ ਸਾਥੀ **ਵਿਰੋਧਤਾਈਆਂ ਬਾਰੇ** ਅਧਿਐਨ ਕਰ ਰਹੇ ਸਨ, ਪਿੰਡ ਵਿੱਚ ਵਿਰੋਧਤਾਈਆਂ ਵਧ ਰਹੀਆਂ ਸਨ। ਗਿਆਰ੍ਹਵੀਂ ਉਤਪਾਦਕ ਟੋਲੀ ਦੇ ਇੱਕ ਮੈਂਬਰ ਨੇ ਸੋਕੇ ਵਿਰੁੱਧ ਲੜਾਈ ਦੌਰਾਨ ਆਪਣਾ ਪੂੰਗ ਵੇਚ ਦਿੱਤਾ ਸੀ, ਹੁਣ ਕਾਰਜ-ਟੋਲੀ ਵੱਲੋਂ ਕਾਰਕੁੰਨਾਂ ਤੇ ਹੋ ਰਹੇ ਹਮਲਿਆਂ ਦਾ ਫ਼ਾਇਦਾ ਉਠਾ ਕੇ, ਉਸ ਨੇ ਪੂੰਗ ਵੇਚਣ ਵਜੋਂ ਪਏ ਘਾਟੇ ਲਈ ਉਤਪਾਦਕ ਟੋਲੀ ਤੋਂ ਮੁਆਵਜ਼ਾ ਮੰਗਿਆ। ਉਤਪਾਦਕ ਟੋਲੀ ਦਾ .ਗੁਦਾਮ ਵਾਲ਼ਾ ਇਸ ਮਾਮਲੇ ਦਾ ਫ਼ੈਸਲਾ ਨਾ ਕਰ ਸਕਿਆ ਤੇ ਉਸ ਨੇ ਚਿਆਂਗ-ਜ਼ੂ-

ਵਾਂਙ ਦੀ ਰਾਇ ਮੰਗੀ। ਚਿਆਂਗ ਨੇ ਕਿਹਾ ਕਿ ਕੋਈ ਮੁਅਵਜ਼ਾ ਨਹੀਂ ਮਿਲਣਾ ਚਾਹੀਦਾ। ਕਾਰਜ–ਟੋਲੀ ਨੇ ਉਸ ਨੂੰ .ਗਲਤ ਦੱਸਿਆ ਤੇ ਕਿਹਾ ਕਿ ਉਹ .ਗਲਤ ਪੱਖ ਲਈ ਬੈਠਾ ਹੈ, ਇਸ ਲਈ ਉਸ ਦੀ ਨੁਕਤਾਚੀਨੀ ਲਈ ਇੱਕ ਜਨਤਕ ਮੀਟਿੰਗ ਸੱਦੀ ਜਾਵੇ। ਕਾਰਜ ਟੋਲੀ ਨੇ ਗਿਆਰ੍ਹਵੀਂ ਟੋਲੀ ਦੇ ਆਗੂ ਨੂੰ ਬਰਖ਼ਾਸਤ ਕਰਨ ਦਾ ਵੀ ਯਤਨ ਕੀਤਾ ਅਤੇ .ਗੁਦਾਮ ਵਾਲੇ ਦੀ ਥਾਂ ਇੱਕ ਨਿਕੰਮੇ ਬੰਦੇ ਨੂੰ ਲਵਾ ਦਿੱਤਾ।

ਪਾਰਟੀ ਸ਼ਾਖ਼ਾ ਦੇ ਸਾਥੀਆਂ ਨੂੰ ਇਸ ਗੱਲ ’ਤੇ ਬਹੁਤ ਗੁੱਸਾ ਆਇਆ ਤੇ ਉਹ ਹੁਣ ਪੈਰ੍ਹਾ– ਪੈਰ੍ਹਾ ਕਰਕੇ ਪੜ੍ਹਨ ਦੀ ਥਾਂ ਇਸ ਘਟਨਾ ’ਤੇ ਬਹਿਸ ਕਰਨ ਲੱਗੇ ਅਤੇ ਹਰ ਕੋਈ ਆਪਣੀ ਰਾਇ ਦੇਣ ਲੱਗਿਆ। ਸਾਰੇ ਸਹਿਮਤ ਹੋਏ ਕਿ ਅਸਲ ਵਿੱਚ ਹਕੀਕੀ ਵਿਰੋਧਤਾਈ ਇੱਥੇ ਹੈ। ਕਾਰਜ ਟੋਲੀ ਦੁੱਧ ਚਿੱਟੀ ਠੀਕ ਗੱਲ ਨੂੰ .ਗਲਤ ਤੇ .ਗਲਤ ਗੱਲ ਨੂੰ ਠੀਕ ਕਿਉਂ ਕਹਿੰਦੀ ਸੀ ?

ਤਾਈ–ਸਿਆਂਗ–ਮੇਈ ਨੇ ਪੁੱਛਿਆ–“ਉਹ ਸਿਰਫ਼ ਉਹਨਾਂ ਕੁਝ ਕੁ ਲੋਕਾਂ ’ਤੇ ਹੀ ਇਤਬਾਰ ਕਰਦੇ ਹਨ ਜਿਹਨਾਂ ਦਾ ਪਿਛਲਾ ਰਿਕਾਰਡ ਮਾੜਾ ਹੈ ਤੇ ਜਿਹਨਾਂ ਦਾ ਸਰਮਾਏਦਾਰੀ ਵੱਲ ਗੰਭੀਰ ਸੁੱਤੇ–ਸਿੱਧ ਝੁਕਾਅ ਹੈ।”

ਇੱਕ ਹੋਰ ਨੇ ਕਿਹਾ–“ਮੈਂ ਵੀ .ਗਰੀਬ ਅਤੇ ਹੇਠਲੇ–ਦਰਮਿਆਨੇ ਕਿਸਾਨਾਂ ਵਿੱਚੋਂ ਹਾਂ। ਜੇਕਰ ਮੈਂ ਮੁਕਤੀ ਤੋਂ ਪਿੱਛੋਂ ਕੁੱਝ ਸਮਾਂ ਕਾਰਕੁੰਨ ਨਾ ਰਿਹਾ ਹੁੰਦਾ ਮੈਂ ਵੀ ਉਹਨਾਂ ਵਿੱਚੋਂ ਇੱਕ ਹੋ ਸਕਦਾ ਸਾਂ ਜਿਹਨਾਂ ’ਤੇ ਕਾਰਜ ਟੋਲੀ ਟੇਕ ਰੱਖਦੀ ਹੈ।”

ਅਤੇ ਇੱਕ ਹੋਰ ਨੇ ਕਿਹਾ–“ਉਸ ਬਾਰੇ ਕੀ ਵਿਚਾਰ ਹੈ–ਪੇਂਡੂ ਇਲਾਕੇ ਵਿੱਚ ‘ਚਾਰ–ਸ਼ੁੱਧੀਆਂ’ ਤੇ ‘ਚਾਰ ਅਸ਼ੁੱਧੀਆਂ’ ਦੇ ਮੁੱਖ ਵਿਰੋਧਤਾਈ ਹੋਣ ਬਾਰੇ ਕੇਵੇਂ ਹੈ ? ਕੀ ਅਸੀਂ ਕਾਰਕੁੰਨ ‘ਚਾਰ ਅਸ਼ੁੱਧੀਆਂ ’ ਦੀਆਂ ਹੀ .ਗਲਤੀਆਂ ਕਰਦੇ ਹਾਂ ? ਕੀ ਸਾਡੇ ਵਿੱਚੋਂ ਕਿਸੇ ਵਿੱਚ ਕੋਈ ਚੰਗਿਆਈ ਨਹੀਂ ?”

ਇਸ ਤੋਂ ਬਾਅਦ ਉਹ ਸੁਭਾਵਕ ਹੀ ਪੜ੍ਹਾਈ ਕੋਲ਼ੋਂ ਹਟ ਕੇ ਅਸਲੀ ਸਮੱਸਿਆਵਾਂ ਬਾਰੇ ਵਿਚਾਰ–ਵਟਾਂਦਰਾ ਕਰਨ ਵੱਲ ਮੁੜੇ। ਉਹਨਾਂ ਨੇ **ਵਿਰੋਧਤਾਈਆਂ ਬਾਰੇ** ਲੇਖ ਪਾਸੇ ਰੱਖ ਦਿੱਤਾ ਅਤੇ ਜੋ ਕੁਝ ਪੜ੍ਹਿਆ, ਉਸ ਨੂੰ ਆਪਣੀਆਂ ਸਮੱਸਿਆਵਾਂ ਹੱਲ ਕਰਨ ਲਈ ਵਰਤੋਂ ਵਿੱਚ ਲਿਆਉਣ ਤੋਂ ਅਸਫ਼ਲ ਰਹੇ। ਜਿੰਨਾ ਵੱਧ ਉਹਨਾਂ ਨੇ ਵਿਚਾਰ–ਵਟਾਂਦਰਾ ਕੀਤਾ ਉਸ ਨੂੰ ਹੀ ਉਹਨਾਂ ਨੇ ਮਹਿਸੂਸ ਕੀਤਾ ਕਿ ਕਿਤੇ ਗੜਬੜ ਹੈ ਤੇ ਸਿੱਟਾ ਕੱਢਿਆ ਕਿ ਵਿਰੋਧਤਾਈਆਂ ਇੱਕ ਗੁੰਝਲਦਾਰ ਚੀਜ਼ ਹਨ। ਇਸੇ ਲਈ ਉਹ ਉਹਨਾਂ ਦੀ ਠੀਕ ਤਸਵੀਰ ਆਪਣੇ ਮਨ ਵਿੱਚ ਨਾ ਬਿਠਾ ਸਕੇ। ਫ਼ਿਰ ਕਾਰਜ ਟੋਲੀ ਨਵੇਂ ਵਰ੍ਹੇ ਦੀ ਆਮਦ ਉੱਤੇ ਛੇਤੀ ਹੀ ਵਾਪਸ ਮੁੜ ਗਈ।

23-**ਨੁਕਾਤੀ ਦਸਤਾਵੇਜ਼** (ਪੇਂਡੂ ਇਲਾਕਿਆਂ ਵਿੱਚੋਂ ਸਮਾਜਵਾਦੀ ਸਿੱਖਿਆ ਲਹਿਰ ਦੌਰਾਨ ਉਭਰੀਆਂ ਕੁੱਝ ਚਲੰਤ ਸਮੱਸਿਆਵਾਂ) ਪਿੰਡ ਵਿੱਚ ਬਸੰਤੀ ਗਰਜ਼ ਦੀ ਤਾੜੀ ਵਾਂਗ ਪਹੁੰਚੀ। ਇਹ ਪ੍ਰਧਾਨ ਮਾਓ ਦੀ ਰਹਿਨੁਮਾਈ ਦੌਰਾਨ ਲਿਖੀ ਗਈ ਸੀ ਤੇ ਇਸ ਨਾਲ਼ ਪਾਰਟੀ ਸ਼ਾਖ਼ਾ ਦੇ ਸਾਥੀ ਬਹੁਤ ਜੋਸ਼ ਵਿੱਚ ਆ ਗਏ। ਉਹਨਾਂ ਨੇ ਇਸ ਮਹੱਤਵਪੂਰਨ ਦਸਤਾਵੇਜ਼ ਦੇ ਇੱਕ–ਇੱਕ ਲਫ਼ਜ਼ ਤੇ ਇੱਕ–ਇੱਕ ਫ਼ਿਕਰੇ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ। ਇਸ ਵਿੱਚ ਪ੍ਰਧਾਨ ਮਾਓ ਨੇ “ਚਾਰ ਸ਼ੁੱਧੀਆਂ” ਤੇ “ਚਾਰ ਅਸ਼ੁੱਧੀਆਂ”

ਵਿਚਕਾਰ ਵਿਰੋਧਤਾਈ ਦੇ ਲਿਊ ਸ਼ਾਓ-ਚੀ ਦੇ ਭੁਲਾਵੇ ਦਾ ਖੰਡਨ ਕੀਤਾ ਤੇ ਇਹ ਗੱਲ ਸਾਫ਼ ਕਰ ਦਿੱਤੀ ਕਿ ਮੌਜੂਦਾ ਲਹਿਰ ਸਮਾਜਵਾਦ ਅਤੇ ਸਰਮਾਏਦਾਰੀ ਵਿਚਕਾਰ ਵਿਰੋਧਤਾਈ ਹੱਲ ਕਰਨ ਲਈ ਹੈ। ਉਸ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਬਹੁ-ਗਿਣਤੀ ਕਾਰਕੁੰਨ ਚੰਗੇ ਹੀ ਹਨ ਜਾਂ ਮੁਕਾਬਲਤਨ ਚੰਗੇ ਹੀ ਹਨ, ਤੇ ਮੌਜੂਦਾ ਲਹਿਰ ਦਾ ਮੁੱਖ ਨਿਸ਼ਾਨਾ ਸੱਤਾ 'ਤੇ ਕਾਬਜ਼ ਪਾਰਟੀ ਦੇ ਉਹ ਵਿਅਕਤੀ ਹਨ ਜੋ ਸਰਮਾਏਦਾਰੀ ਰਾਹ 'ਤੇ ਚੱਲ ਰਹੇ ਹਨ।

ਪ੍ਰਧਾਨ ਮਾਓ ਦੀਆਂ ਹਦਾਇਤਾਂ ਨੇ ਚਿੰਨ-ਚੀਅਨ ਬਰਗੇਡ ਦੇ ਸਾਥੀਆਂ ਦੇ ਦਿਮਾਗ ਰੋਸ਼ਨ ਕਰ ਦਿੱਤੇ ਅਤੇ ਉਹਨਾਂ ਨੇ **ਵਿਰੋਧਤਾਈਆਂ ਬਾਰੇ** ਲੇਖ ਦੇ ਅਧਿਐਨ ਨੂੰ 23-**ਨੁਕਤੀ ਦਸਤਾਵੇਜ਼** ਅਤੇ ਆਪਣੇ ਤਜ਼ਰਬੇ ਦੇ ਅਧਿਐਨ ਨਾਲ਼ ਜੋੜਿਆ। ਉਹ ਮਹਿਸੂਸ ਕਰਨ ਲੱਗੇ ਕਿ ਅਨੇਕਾਂ ਵਿਰੋਧਤਾਈਆਂ ਵਿੱਚੋਂ ਮੁੱਖ ਵਿਰੋਧਤਾਈ ਪ੍ਰੋਲੇਤਾਰੀ ਅਤੇ ਬੁਰਜੂਆ ਵਿਚਕਾਰ, ਸਮਾਜਵਾਦੀ ਅਤੇ ਸਰਮਾਏਦਾਰੀ ਰਾਹਾਂ ਵਿਚਕਾਰ ਹੈ। ਸਮਾਜਵਾਦੀ ਲਹਿਰ ਵਿੱਚ ਕਿਹੜੀ ਵਿਰੋਧਤਾਈ ਸੀ। ਇਹ ਦੋ ਜਮਾਤਾਂ ਤੇ ਦੋ ਰਾਹਾਂ ਵਿਚਲੀ ਵਿਰੋਧਤਾਈ ਹੋਣੀ ਚਾਹੀਦੀ ਹੈ, ਨਾ ਕਿ ਦੋ ਅਖੌਤੀ 'ਚਾਰ ਸ਼ੁੱਧੀਆਂ' ਤੇ 'ਚਾਰ ਅਸ਼ੁੱਧੀਆਂ' ਵਿਚਕਾਰਲੀ, ਜਾਂ ਕਮਿਊਨ ਮੈਂਬਰਾਂ ਤੇ ਕਾਰਕੁੰਨਾਂ ਵਿਚਕਾਰ ਵਿਰੋਧਤਾਈ। ਨਿੱਜੀ ਮੱਛੀ ਪਾਲ਼ਣ ਦੇ ਸੁਆਲ ਦਾ ਖਾਸਾ ਕੀ ਸੀ ? ਕੀ ਮੱਛੀਆਂ ਪਾਲਣ ਦੇ ਤਲਾਅ ਦੇ ਪਾਣੀ ਤੋਂ ਪੈਲ਼ੀਆਂ ਸਿੰਛਨ ਵਿਚਕਾਰ ਵਿਰੋਧਤਾਈ ਸੀ। ਅੰਤਮ ਨਿਰਨੇ ਪੱਖੋਂ ਇਹ ਦੋ ਰਾਹਾਂ ਵਿਚਕਾਰ ਵਿਰੋਧਤਾਈ ਹੀ ਸੀ। ਇੱਕ ਵਾਰ ਜਦੋਂ ਉਹਨਾਂ ਨੇ ਮੁੱਖ ਵਿਰੋਧਤਾਈ ਸਮਝ ਲਈ ਤਾਂ ਬਹੁਤ ਸਾਰੇ ਸਵਾਲ ਜਿਹਨਾਂ ਨੂੰ ਉਹ ਪਹਿਲੋਂ ਸਮਝਣ ਤੋਂ ਅਸਮਰਥ ਸਨ ਹੁਣ ਸਪੱਸ਼ਟ ਹੋ ਗਏ।

ਪਾਰਟੀ ਸਾਥੀਆਂ ਦੀਆਂ ਸਿਧਾਂਤ ਨੂੰ ਅਮਲ ਨਾਲ਼ ਜੋੜਨ ਦੀਆਂ ਪਹਿਲੀਆਂ ਕੋਸ਼ਿਸ਼ਾਂ ਤੀਰ-ਤੁੱਕੇ 'ਤੇ ਅਧਾਰਤ ਸਨ ਅਤੇ ਪੁਰਾਣੀ ਆਦਤ ਦਾ ਜ਼ੋਰ ਤਕੜਾ ਸੀ। ਕਿਤਾਬਾਂ ਵਿੱਚ ਖੁੱਭਣ ਦਾ ਪੁਰਾਣਾ ਤਰੀਕਾ ਅਪਣਾਇਆ ਗਿਆ ਤੇ ਮੁੜ ਉਹ ਮੁਸ਼ਕਲਾਂ ਵਿੱਚ ਫ਼ਸ ਗਏ। ਮਿਸਾਲ ਵਜੋਂ ਭਾਵੇਂ ਉਹਨਾਂ ਨੂੰ ਮੁੱਖ ਵਿਰੋਧਤਾਈ ਦੀ ਸਮਝ ਆ ਗਈ ਸੀ ਪਰ ਅਜੇ ਵੀ ਉਹਨਾਂ ਨੂੰ ਕਈਆਂ ਸੰਕਲਪਾਂ ਦੀ ਸਮਝ ਨਹੀਂ ਸੀ ਜਿਵੇਂ ਵਿਰੋਧਤਾਈ ਦਾ ਮੁੱਖ ਪੱਖ ਅਤੇ ਹੋਰ ਸੰਕਲਪ।

ਕਿਸੇ ਨੇ ਪੁੱਛਿਆ : "ਕੀ ਇਹ ਸਾਡੀ ਅਨਪੜ੍ਹਤਾ ਕਾਰਨ ਹੈ ?"

"ਆਓ, ਅਸੀਂ ਕਿਸੇ ਚੰਗੇ ਪੜ੍ਹੇ ਲਿਖੇ ਨੂੰ ਕਹੀਏ ਕਿ ਉਹ ਸਾਨੂੰ ਲੈਕਚਰ ਦੇਵੇ, ਸਾਨੂੰ ਕੁਝ ਗਿਆਨ ਦੇਵੇ।"

ਤਾਂ ਫਿਰ ਪਾਰਟੀ ਸ਼ਾਖ਼ਾ ਨੇ ਉਤਲੇ ਮਿਡਲ ਸਕੂਲ ਦੇ ਤਿੰਨ ਪਾੜ੍ਹਿਆਂ ਨੂੰ ਆਪਣੇ ਅਧਿਆਪਕ ਵਜੋਂ ਸੱਦਿਆ। ਠੀਕ ਹੈ, ਉਹਨਾਂ ਨੂੰ ਬਹੁਤੇ ਲਫ਼ਜ਼ਾਂ ਦਾ ਪਤਾ ਸੀ ਅਤੇ ਚਿਆਂਗ ਨਾਲ਼ੋਂ ਵਧੇਰੇ ਰਵਾਨੀ ਨਾਲ਼ ਪੜ੍ਹਦੇ ਸਨ। ਪਰੰਤੂ ਪਾਰਟੀ ਮੈਂਬਰਾਂ ਨੂੰ ਸਿਰਫ਼ ਰਵਾਨੀ ਨਾਲ਼ ਪੜ੍ਹਨ ਦੀ ਲੋੜ ਹੀ ਨਹੀਂ ਸੀ। ਉਹ ਪ੍ਰਧਾਨ ਮਾਓ ਦੀਆਂ ਇਨਕਲਾਬੀ ਸਿੱਖਿਆਵਾਂ ਨੂੰ ਸਮਝਣ ਦੀ ਜਾਂਚ ਸਿੱਖਣਾ ਚਾਹੁੰਦੇ ਸਨ। ਉਹਨਾਂ ਨੇ ਸੁਆਲ ਉਠਾਇਆ- "ਕਿਸੇ 'ਵਿਰੋਧਤਾਈ ਦੇ ਮੁੱਖ ਪੱਖ' ਤੋਂ ਕੀ ਭਾਵ ਹੈ ?"

ਇੱਕ ਪਾੜ੍ਹੇ ਨੇ ਜੁਆਬ ਦਿੱਤਾ-"ਕਿਸੇ ਵਿਰੋਧਤਾਈ ਦਾ ਮੁੱਖ ਪੱਖ ਏ...ਅ...ਅ...", ਗੱਲ ਉਸ ਤੋਂ ਕੋਈ ਬਣੀ ਨਾ ਤੇ ਉਹ ਬੌਂਦਲ ਗਿਆ, "ਕਿਸੇ ਵਿਰੋਧਤਾਈ ਦਾ ਮੁੱਖ ਪੱਖ, ਵਿਰੋਧਤਾਈ ਦਾ ਮੁੱਖ ਪੱਖ ਹੀ ਤਾਂ ਹੁੰਦਾ ਹੈ। ਇਸ ਬਾਰੇ ਸਮਝਾਉਣ ਵਾਲੀ ਕਿਹੜੀ ਗੱਲ ਹੈ ?"

ਜਮਾਤ ਵਿੱਚੋਂ ਹੁਣ ਤੱਕ ਕਈ ਦਿਲ ਛੱਡ ਬੈਠੇ ਤੇ ਉਹਨਾਂ ਕਿਹਾ-"ਸਾਡੇ ਫ਼ਿਲਾਸਫ਼ੀ ਦੇ ਅਧਿਐਨ ਵਿੱਚ ਢੇਰ ਸਾਰੀਆਂ ਮੁਸ਼ਕਲਾਂ ਹਨ। ਅਸੀਂ ਜੱਟ ਤਾਂ ਵਾਹੀ ਕਰਨਾ ਸਿੱਖ ਲਈਏ ਬਹੁਤ ਐ।"

ਪਰੰਤੂ ਬੁੱਢੇ ਗਰੀਬ ਕਿਸਾਨ ਚਿਆਂਗ-ਚੈਂਗ-ਲਿਆਂਗ ਦਾ ਇਰਾਦਾ ਦ੍ਰਿੜ ਸੀ , ਉਸ ਨੇ ਕਿਹਾ-"ਅਸੀਂ ਪ੍ਰਧਾਨ ਮਾਓ ਦੇ ਲੇਖ **ਲੋਕਾਂ ਦੀ ਸੇਵਾ ਕਰੋ**, **ਨਾਰਮਨ ਬੈਥਿਊਨ ਦੀ ਯਾਦ ਵਿੱਚ** ਅਤੇ **ਮੂਰਖ ਬੁੱਢਾ ਜਿਸ ਨੇ ਪਰਬਤ ਹਟਾਏ** ਪੜ੍ਹੇ ਹਨ ਅਤੇ ਇਹਨਾਂ ਵਿੱਚੋਂ ਬਹੁਤ ਕੁਝ ਪ੍ਰਾਪਤ ਕੀਤਾ ਹੈ। ਅਸੀਂ **ਵਿਰੋਧਤਾਈਆਂ ਬਾਰੇ** ਲੇਖ ਕਿਉਂ ਨਹੀਂ ਪੜ੍ਹ ਸਕਦੇ ? ਇਹ ਸਾਡੇ ਅਧਿਐਨ ਕਰਨ ਦੇ ਤਰੀਕੇ 'ਤੇ ਨਿਰਭਰ ਕਰਦਾ ਹੈ। "

ਬਾਕੀਆਂ ਨੇ ਇਸ ਗੱਲ 'ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਕਿਹਾ-"ਅਸੀਂ ਉਹਨਾਂ ਤਿੰਨਾਂ ਲੇਖਾਂ ਦਾ ਅਧਿਐਨ ਇਸ ਕਰਕੇ ਚੰਗੀ ਤਰ੍ਹਾਂ ਕੀਤਾ ਕਿਉਂਕਿ ਅਸੀਂ ਜੋ ਵੀ ਅਧਿਐਨ ਕੀਤਾ ਉਸ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕਰਨ ਲਈ ਵਰਤੋਂ ਵਿੱਚ ਲਿਆਦਾਂ। ਫ਼ਿਲਾਸਫ਼ੀ ਦੇ ਅਧਿਐਨ ਵਿੱਚ ਇਹ ਤਜ਼ਰਬਾ ਲਾਹੇਵੰਦ ਰਹੇਗਾ। ਅਸੀਂ ਫ਼ਿਲਾਸਫ਼ੀ ਦਾ ਅਧਿਐਨ ਇਸ ਕਰਕੇ ਕਰਦੇ ਹਾਂ ਕਿਉਂਕਿ ਸਾਡੇ ਸਾਹਮਣੇ ਸਮੱਸਿਆਵਾਂ ਹਨ, ਪ੍ਰੰਤੂ ਜਦ ਅਸੀਂ ਕਿਤਾਬਾਂ ਵੱਲ ਹੋਏ ਤਾਂ ਸਮੱਸਿਆਵਾਂ ਨੂੰ ਲਾਂਭੇ ਰੱਖ ਦਿੱਤਾ। ਇਸ ਲਈ ਸਾਨੂੰ ਵਿਸ਼ੇਸ਼ ਸਮੱਸਿਆਵਾਂ ਨਾਲ਼ ਸਬੰਧਤ ਅਧਿਐਨ ਕਰਨਾ ਚਾਹੀਦਾ ਹੈ ਅਤੇ ਆਪਣੇ ਅਧਿਐਨ ਨੂੰ ਇਹ ਸਮੱਸਿਆਵਾਂ ਹੱਲ ਕਰਨ ਵਾਸਤੇ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ।"

ਇਸ ਤਰ੍ਹਾਂ ਚਿਆਂਗ-ਜ਼ੂਵਾਂਙ ਨੇ ਬਹਿਸ ਸਮਾਪਤ ਕਰਦਿਆਂ ਕਿਹਾ -"ਠੀਕ ਹੈ, ਫ਼ਿਲਾਸਫ਼ੀ ਦਾ ਅਧਿਐਨ ਕਰਦਿਆਂ ਸਾਨੂੰ ਇਸ ਨੂੰ ਜਮਾਤੀ ਜੱਦੋ-ਜਹਿਦ ਦੀਆਂ ਤਿੰਨ ਇਨਕਲਾਬੀ ਲਹਿਰਾਂ-ਉਤਪਾਦਨ ਲਈ ਜੱਦੋ-ਜਹਿਦ, ਵਿਗਿਆਨਕ ਤਜ਼ਰਬੇ ਤੇ ਵਿਚਾਰਧਾਰਕ ਸਮੱਸਿਆਵਾਂ ਤੋਂ ਹਾਸਲ ਹੋਏ ਤਜ਼ਰਬੇ ਨਾਲ਼ ਜੋੜਨਾ ਚਾਹੀਦਾ ਹੈ ਅਤੇ ਆਪਣੇ ਅਧਿਐਨ ਨੂੰ ਇਹਨਾਂ ਦੇ ਹੱਲ ਲਈ ਵੀ ਵਰਤਣਾ ਚਾਹੀਦਾ ਹੈ। "

***

# ਨਤੀਜਿਆਂ ਦੀ ਪ੍ਰਾਪਤੀ

ਅਧਿਐਨ ਤੇ ਅਮਲ ਵਿਚਕਾਰ ਵਾਰ-ਵਾਰ ਵਿਚਰਣ ਪਿੱਛੋਂ ਪਾਰਟੀ ਸ਼ਾਖ਼ਾ ਦੇ ਸਾਥੀਆਂ ਨੂੰ ਇਸ ਗੱਲ ਦਾ ਬਿਹਤਰ ਗਿਆਨ ਹੋ ਗਿਆ ਕਿ ਅਧਿਐਨ ਨੂੰ ਵਿਸ਼ੇਸ਼ ਸਮੱਸਿਆਵਾਂ 'ਤੇ ਲਾਗੂ ਕਰਨ ਦਾ ਕੀ ਭਾਵ ਹੈ। ਅਗਲਾ ਕੰਮ ਇਹ ਤੈਅ ਕਰਨਾ ਸੀ ਕਿ ਉਹਨਾਂ ਦੀਆਂ ਵਿਸ਼ੇਸ਼ ਸਮੱਸਿਆਵਾਂ ਕੀ ਹਨ? ਉਹਨਾਂ ਨੇ ਦੋ ਸੁਆਲ ਸਾਹਮਣੇ ਰੱਖੇ : ਪਹਿਲਾ ਇਹ ਵਿਚਾਰ ਕਿ "ਕਾਰਕੁੰਨ ਬਣਨ ਦਾ ਕੋਈ ਫ਼ਾਇਦਾ ਨਹੀਂ" ਅਤੇ ਦੂਜਾ ਇਹ ਕੀ "ਉਤਪਾਦਨ ਆਪਣੀ ਵੱਧ ਤੋਂ ਵੱਧ ਹੱਦ ਤੱਕ ਪਹੁੰਚ ਚੁੱਕਾ ਹੈ।"

ਭਖ਼ਵੀਂ ਬਹਿਸ ਚੱਲੀ ਚਿਆਂਗ-ਜ਼ੂ-ਵਾਂਙ ਮੁਹਰੀ ਸੀ।"ਅਸੀਂ ਆਪਣੀ ਹੀ ਮਿਸਾਲ ਲਈਏ।ਅਸੀਂ ਕਹਿੰਦੇ ਹੁੰਦੇ ਸਾਂ ਕਿ ਸਾਡਾ ਗੁਜ਼ਾਰਾ ਕੁੱਝ ਵਧੀਆ ਨਹੀਂ ਹੋ ਰਿਹਾ ਤੇ ਜਿਸ ਕਰਕੇ ਸਾਡਾ ਕੰਮ ਮੁਸ਼ਕਲ ਬਣ ਗਿਆ ਹੈ।ਹੁਣ ਜਦੋਂ ਸਾਡੀ ਹਾਲਤ ਚੰਗੇਰੀ ਹੋ ਗਈ ਹੈ ਫਿਰ ਵੀ ਅਸੀਂ ਇਹੋ ਗੱਲ ਕਹਿੰਦੇ ਹਾਂ।ਹੋਰ ਤਾਂ ਹੋਰ ਅਸੀਂ ਇਹ ਕਿਹਾ ਕਿ ਕਾਰਕੁੰਨ ਬਣਨ ਦਾ ਕੋਈ ਫ਼ਾਇਦਾ ਨਹੀਂ।ਇਹ ਖਿਆਲ਼ ਕਿਹੜੀ ਵਿਰੋਧਤਾਈ ਜ਼ਾਹਰ ਕਰਦਾ ਹੈ?"

ਸਾਥੀਆਂ ਨੇ ਇਸ ਗੱਲ 'ਤੇ ਵਿਚਾਰ-ਵਟਾਂਦਰਾ ਕੀਤਾ ਕਿ ਕਿਉਂ ਉਹ ਆਪਣੇ ਗੁਜ਼ਾਰੇ ਨੂੰ ਹਮੇਸ਼ਾ ਦੋਸ਼ ਦਿੰਦੇ ਹਨ।ਉਹ ਹਮੇਸ਼ਾ ਇਹ ਕਿਉਂ ਸੋਚਦੇ ਹਨ ਕਿ ਕਾਰਕੁੰਨ ਬਣਨਾ 'ਘਾਟੇ ਦਾ ਸੌਦਾ ਸੀ?' ਉਹਨਾਂ ਕਿਹਾ ਕਿ ਇਹ ਖ਼ੁਦਗਰਜ਼ ਖ਼ਿਆਲ ਸਨ, ਕਿਉਂਕਿ ਮੁਕਤੀ ਤੇ ਜ਼ਰੱਈ ਸੁਧਾਰਾਂ ਦੇ ਮੁੱਢਲੇ ਸਾਲਾਂ ਦੌਰਾਨ ਔਖੀ ਜ਼ਿੰਦਗੀ ਦੇ ਬਾਵਜੂਦ ਵੀ ਉਹ ਚੜ੍ਹਦੀ ਕਲਾ ਵਿੱਚ ਰਹੇ ਸਨ।ਖੇਤੀ ਸਹਿਕਾਰਤਾ ਦੇ ਮੁੱਢਲੇ ਪੜਾਅ ਦੌਰਾਨ ਵੀ ਗੱਲ ਇਵੇਂ ਹੀ ਸੀ।ਉਹਨਾਂ ਦ੍ਰਿੜਤਾ ਨਾਲ਼ ਸਮਾਜਵਾਦੀ ਰਾਹ ਅਪਣਾਇਆ ਕਿਉਂਕਿ ਉਹਨਾਂ ਨੇ ਵਿਅਕਤੀਗਤ ਖੇਤੀ ਦੀਆਂ ਤਲਖ਼ੀਆਂ ਹੰਢਾਈਆਂ ਸਨ ਤੇ ਉਹਨਾਂ ਮੀਂਹ ਹਨ੍ਹੇਰੀ ਵਿੱਚ ਵੀ ਮੀਟਿੰਗਾਂ ਕੀਤੀਆਂ ਸਨ।ਪਰ ਹੁਣ ਜਦ ਉਹਨਾਂ ਦਾ ਗੁਜ਼ਾਰਾ ਬਿਹਤਰ ਹੋ ਗਿਆ ਸੀ ਤਾਂ ਉਹਨਾਂ ਨੂੰ ਕਾਰਕੁੰਨ ਬਣਨ ਦਾ "ਘਾਟੇਵੰਦਾ" ਵਿਚਾਰ ਅਹੁੜਿਆ।ਜਦ ਕਦੀਂ ਮੀਟਿੰਗ ਮਿੱਥੇ ਸਮੇਂ ਤੋਂ ਜ਼ਰਾ ਲੰਮੀ ਹੋ ਜਾਂਦੀ ਤਾਂ ਕਈ ਬੁੜ-ਬੁੜ ਕਰਨ ਲੱਗ ਜਾਂਦੇ, ਥੱਕੇ ਟੁੱਟੇ ਮਹਿਸੂਸ ਕਰਦੇ ਤੇ ਕਹਿੰਦੇ ਕਿ ਉਹਨਾਂ ਲਈ ਇਹਨਾਂ ਹੀ ਵਿੱਤੋਂ-ਬਾਹਰਾ ਹੈ।ਇਸ ਦਾ ਅਸਲੀ ਕਾਰਨ ਕੀ ਸੀ? ਉਹ ਆਪਣੇ ਨਿੱਜੀ ਹਿੱਤਾਂ ਬਾਰੇ ਕਿਉਂ ਵਧੇਰੇ ਫ਼ਿਕਰਮੰਦ ਸਨ ਅਤੇ ਜਦ ਉਹਨਾਂ ਦਾ ਗੁਜ਼ਾਰਾ ਚੰਗਾ ਹੋਣ ਲੱਗ ਪਿਆ ਤਾਂ ਕਾਰਕੁੰਨ ਬਣਨ ਨੂੰ "ਘਾਟੇਵੰਦਾ ਕੰਮ ਕਿਉਂ ਸਮਝਦੇ ਸਨ? ਉਹਨਾਂ ਨੂੰ ਅਸਲ ਘਾਟਾ ਕਾਹਦਾ ਪਿਆ ਸੀ?"

ਅਸਲ ਵਿੱਚ ਏਥੇ ਵਿਰੋਧਤਾਈ ਸੀ ਅਤੇ ਇਹ ਖ਼ੁਦਗਰਜ਼ ਵਿਚਾਰ ਸਨ ਜਿਹਨਾਂ ਕਰਕੇ ਵਿਰੋਧਤਾਈ ਖੜ੍ਹੀ ਹੋਈ ਸੀ।ਉਹਨਾਂ ਮਹਿਸੂਸ ਕੀਤਾ ਕਿ ਇਹ ਉਹਨਾਂ ਦੇ ਮਨਾਂ ਅੰਦਰ, ਦੋ ਰਾਹਾਂ ਵਿੱਚ ਚੱਲ ਰਹੀ ਜੱਦੋ-ਜਹਿਦ ਦਾ ਹੀ ਅਕਸ ਸੀ ਅਤੇ ਇਹ ਉਦੋਂ ਵਾਪਰਦਾ ਹੈ ਜਦੋਂ ਆਦਮੀ ਆਪਣੇ-ਆਪ ਨੂੰ 'ਇੱਕ ਦੀ ਦੋ ਵਿੱਚ ਵੰਡ' ਨੁਕਤਾ-ਨਿਗਾਹ ਤੋਂ ਨਹੀਂ ਵੇਖਦਾ। ਇਹੋ ਜਿਹਾ ਆਦਮੀ ਕੇਵਲ ਇਹ ਗੱਲ ਵੇਖਦਾ ਹੈ ਕਿ ਉਹ ਇਨਕਲਾਬ ਲਿਆਉਣਾ ਚਾਹੁੰਦਾ ਹੈ ਪਰ ਗ਼ਲਤ ਰਾਹ ਅਪਨਾਉਣ ਦੇ ਖ਼ਤਰੇ ਨੂੰ ਅਣਡਿੱਠ ਕਰ ਜਾਂਦਾ ਹੈ।ਆਪਣੇ ਚੰਗੇ ਜਮਾਤੀ ਪਿਛੋਕੜ ਬਾਰੇ

ਸੋਚਦਾ ਹੈ ਪਰ ਉਹਨਾਂ ਬੁਰਜੂਆ ਖ਼ਿਆਲਾਂ ਨੂੰ ਅਣਡਿੱਠ ਕਰ ਜਾਂਦਾ ਹੈ ਜਿਹੜੇ ਉਸ ਦੀ ਸੋਚ ਨੂੰ ਖ਼ਤਰਾ ਬਣਦੇ ਹਨ। ਇਸ ਕਿਸਮ ਦੇ ਵਿਸ਼ਲੇਸ਼ਣ ਰਾਹੀਂ ਪਾਰਟੀ ਸ਼ਾਖ਼ਾ ਦੇ ਕਾਰਕੁੰਨ ਠਰ੍ਹੰਮੇ ਨਾਲ਼ ਉਹਨਾਂ ਟਿੱਪਣੀਆਂ 'ਤੇ ਵਿਚਾਰ ਕਰ ਸਕਦੇ ਸਨ ਜਿਹੜੀਆਂ ਬਰਗੇਡ ਦੇ ਮੈਂਬਰਾਂ ਨੇ ਕੀਤੀਆਂ ਸਨ।

ਉਹਨਾਂ ਇੱਕ ਹੋਰ ਮਿਸਾਲ ਲਈ ਇਹ ਉਸ ਸੱਠ-ਸਾਲਾ ਬੁੱਢੇ ਦੀ ਸੀ ਜਿਹੜਾ ਜ਼ਰੱਈ ਸੁਧਾਰ ਦੇ ਵਰ੍ਹਿਆਂ ਦੌਰਾਨ ਬਹੁਤ ਸਰਗਰਮ ਰਿਹਾ ਸੀ। ਖੇਤੀ ਸਹਿਕਾਰਤਾ ਤੋਂ ਬਾਅਦ ਜਦੋਂ ਉਤਪਾਦਨ ਤੇਜ਼ੀ ਨਾਲ਼ ਵਧਿਆ ਅਤੇ ਉਸ ਦਾ ਗੁਜ਼ਾਰਾ ਚੰਗਾ ਹੋਣ ਲੱਗ ਪਿਆ ਤਾਂ ਫਿਰ ਉਹ ਜ਼ਿੰਦਗੀ ਨੂੰ ਵੱਖਰੇ ਢੰਗ ਨਾਲ਼ ਵੇਖਣ ਲੱਗ ਪਿਆ। ਉਹਨੇ ਆਪਣੇ ਸਮਾਜ ਅੰਦਰ ਗੁਜ਼ਾਰੀ ਆਪਣੀ ਹੱਤਕ-ਭਰੀ ਜ਼ਿੰਦਗੀ ਵੱਲ ਧਿਆਨ ਮਾਰਿਆ। ਪ੍ਰਧਾਨ ਮਾਓ ਨੇ ਉਸ ਨੂੰ ਦੁੱਖਾਂ ਭਰੀ ਜ਼ਿੰਦਗੀ ਤੋਂ ਛੁਟਕਾਰਾ ਦਵਾਇਆ ਸੀ ਤੇ ਹੁਣ ਉਹ ਮੌਜਾਂ ਮਾਣ ਸਕਦਾ ਸੀ। ਮੁਕਤੀ ਤੋਂ ਬਾਅਦ ਉਹਨੇ ਨਵਾਂ ਘਰ ਬਣਾਇਆ, ਜਦੋਂ ਕਿ ਪਹਿਲਾਂ ਉਸ ਦਾ ਕੋਈ ਘਰ ਨਹੀਂ ਸੀ ਹੁੰਦਾ ਪਰ ਹੁਣ ਉਹ ਸੋਚਦਾ ਸੀ ਕਿ ਇਹ ਨਾਕਾਫ਼ੀ ਹੈ। ਇਸ ਘਰ ਵਿੱਚ ਉਸ ਦੇ ਪੁੱਤਰਾਂ ਲਈ ਥਾਂ ਤਾਂ ਸੀ ਪਰ ਜਦ ਉਹਦੇ ਪੋਤਰੇ ਵੱਡੇ ਹੋਣਗੇ ਤਾਂ ਉਹਨਾਂ ਲਈ ਇਹ ਕਾਫ਼ੀ ਨਹੀਂ ਹੋਵੇਗਾ। ਹਰ ਰੋਜ਼ ਉਹ ਘਰ ਦੁਆਲੇ ਇਹ ਦੇਖਣ ਲਈ ਚੱਕਰ ਲਗਾਉਂਦਾ ਕਿ ਪੋਤਰਿਆਂ ਲਈ ਹੋਰ ਕਮਰੇ ਕਿੱਥੇ ਉਸਾਰੇ ਜਾਣ। ਇਸ ਤਰ੍ਹਾਂ ਉਹਦੀ ਖ਼ੁਦਗਰਜ਼ੀ ਵੱਧ ਗਈ ਸੀ। ਬਰਗੇਡ ਦੇ ਕਈ ਮੈਂਬਰਾਂ ਨੇ ਉਹਦੇ ਸੋਚਣ ਢੰਗ ਦੀ ਨੁਕਤਾਚੀਨੀ ਕੀਤੀ, ਪਰ ਉਹਦੇ ਕੰਨ ਉੱਤੇ ਜੂੰ ਵੀ ਨਾ ਸਰਕੀ। ਇਸ ਮਾਮਲੇ ਨੇ ਸਭ ਲਈ ਚਿਤਾਵਨੀ ਦਾ ਕੰਮ ਕੀਤਾ।

ਇੱਕ ਹੋਰ ਸੁਆਲ ਖੜ੍ਹਾ ਹੋਇਆ। ਦੋ ਰਾਹਾਂ ਵਿੱਚ ਘੋਲ਼ ਮੁੱਖ ਵਿਰੋਧਤਾਈ ਮੰਨ ਕੇ, ਵਿਰੋਧਤਾਈ ਦਾ ਕਿਹੜਾ ਪੱਖ ਮੁੱਖ ਸੀ ? ਪਹਿਲਾਂ ਕਈਆਂ ਨੇ ਕਿਹਾ ਕਿ ਵਿਰੋਧਤਾਈ ਦਾ ਮੁੱਖ ਪੱਖ ਉਹ ਵਿਅਕਤੀ ਸਨ ਜੋ ਸਰਮਾਏਦਾਰੀ ਰਾਹ 'ਤੇ ਚੱਲ ਰਹੇ ਸਨ। ਫਿਰ ਉਹਨਾਂ ਨੇ ਪ੍ਰਧਾਨ ਮਾਓ ਦੇ ਲੇਖ ਵਿਚਲੇ ਵਿਰੋਧਤਾਈ ਦੇ ਮੁੱਖ ਪੱਖ ਦੇ ਸਿਧਾਂਤ ਦਾ ਅਧਿਐਨ ਕੀਤਾ ਤੇ ਭਰਵਾਂ ਵਿਚਾਰ-ਵਟਾਂਦਰਾ ਕੀਤਾ। ਮਜ਼ਦੂਰ ਜਮਾਤ ਅਤੇ ਗਰੀਬ ਤੇ ਹੇਠਲੇ-ਦਰਮਿਆਨੇ ਕਿਸਾਨ ਹੁਣ ਮਾਲਕ ਸਨ ਤੇ ਭਾਰੂ ਹੈਸੀਅਤ ਵਿੱਚ ਸਨ। ਇਸ ਤਰ੍ਹਾਂ ਉਹ, ਭਾਵ ਕਾਰਕੁੰਨ, ਵਿਰੋਧਤਾਈ ਦਾ ਮੁੱਖ ਪੱਖ ਸਨ-ਲੀਡਰਸ਼ਿਪ ਕੁੰਜੀ ਸੀ। ਜਦ ਇੱਕ ਵਾਰ ਵਿਰੋਧਤਾਈ ਦੇ ਮੁੱਖ ਪੱਖ ਨੂੰ ਸਮਝ ਲਿਆ ਗਿਆ ਤਾਂ ਵਿਰੋਧਤਾਈ ਦਾ ਹੱਲ ਮਿਲ ਗਿਆ। ਕਾਰਕੁੰਨ ਦੇ ਤੌਰ ਤੇ ਪਾਰਟੀ ਕਮੇਟੀ ਦੇ ਮੈਂਬਰਾਂ ਨੂੰ ਗਰੀਬ ਤੇ ਹੇਠਲੇ-ਦਰਮਿਆਨੇ ਕਿਸਾਨਾਂ ਨੂੰ ਭੁੱਲਣਾ ਨਹੀਂ ਚਾਹੀਦਾ। ਉਹਨਾਂ ਤਰਫ਼ੋਂ ਤਾਕਤ ਨੂੰ ਮਜ਼ਬੂਤੀ ਨਾਲ਼ ਵਰਤਣਾ ਚਾਹੀਦਾ ਹੈ ਤੇ ਜਮਾਤੀ ਦੁਸ਼ਮਣ ਨੂੰ ਸਰਮਾਏਦਾਰੀ ਦੀ ਮੁੜ-ਕਾਇਮੀ ਤੋਂ ਰੋਕਣਾ ਚਾਹੀਦੀ ਹੈ।

ਵਿਚਾਰ ਵਟਾਂਦਰੇ ਨੇ ਸਮੱਸਿਆ ਹੱਲ ਕਰ ਦਿੱਤੀ ਕਿਉਂ ਜੋ ਉਹਨਾਂ ਨੇ ਇਹ ਗੱਲ ਲੱਭ ਲਈ ਸੀ ਕਿ ਕਾਰਕੁੰਨ ਵਿਰੋਧਤਾਈ ਦਾ ਮੁੱਖ ਪੱਖ ਸਨ ਅਤੇ ਇਸ ਵਿਚਾਰ ਨੂੰ ਰੱਦ ਕਰ ਦਿੱਤਾ ਸੀ ਕਿ "ਕਾਰਕੁੰਨ ਬਣਨ ਦਾ ਕੋਈ ਫ਼ਾਇਦਾ ਨਹੀਂ"। ਇਸ ਤਰ੍ਹਾਂ ਕਾਰਕੁੰਨ ਆਪਣੇ ਕੰਮ ਵਿੱਚ ਹੋਰ ਵੀ ਉਤਸ਼ਾਹਤ ਹੋ ਗਏ।

ਉਤਪਾਦਨ ਦੇ ਵਾਧੇ ਲਈ ਇਸ ਵਿਚਾਰ ਦੇ ਅਸਰ ਤੋਂ ਛੁਟਕਾਰਾ ਪਾਉਣਾ ਵੀ ਜ਼ਰੂਰੀ ਸੀ ਕਿ "ਉਤਪਾਦਨ ਆਪਣੀ ਵੱਧ ਤੋਂ ਵੱਧ ਹੱਦ ਤੱਕ ਪਹੁੰਚ ਚੁੱਕਾ ਹੈ।"

ਉਤਪਾਦਕ ਬਰਗੇਡ ਦੇ ਤੇਰ੍ਹਾਂ ਖੱਤਿਆਂ ਵਿੱਚ ਆਮ ਕਰਕੇ ਪਾਣੀ ਦੀ ਘਾਟ ਰਹਿੰਦੀ ਸੀ। ਹੁਣ ਸਮੱਸਿਆ ਮੁੱਖ ਤੌਰ 'ਤੇ ਹੱਲ ਹੋ ਚੁੱਕੀ ਸੀ ਅਤੇ ਝੋਨੇ ਦੀ ਦੂਹਰੀ ਫ਼ਸਲ ਹਾਸਲ ਕੀਤੀ ਜਾ ਸਕਦੀ ਸੀ। ਜੋ ਕੁਝ ਵੀ ਕੀਤਾ ਜਾ ਸਕਦਾ ਸੀ, ਇਉਂ ਜਾਪਦਾ ਸੀ ਕਿ ਹੋ ਚੁੱਕਾ ਹੈ। 1963 ਵਿੱਚ ਪ੍ਰਤੀ ਏਕੜ ਸਾਲਾਨਾ ਔਸਤ ਉਪਜ ਖੇਤੀਬਾੜੀ ਵਿਕਾਸ ਦੇ ਕੌਮੀ ਪ੍ਰੋਗਰਾਮ ਵਿੱਚ ਮਿੱਥੇ ਗਏ ਨਿਸ਼ਾਨੇ ਨਾਲੋਂ ਵੱਧ ਗਈ ਅਤੇ ਅਗਲੇ ਸਾਲ ਇਹ 24 ਕੁਇੰਟਲ 72 ਕਿੱਲੋ ਪ੍ਰਤੀ ਏਕੜ ਹੋ ਗਈ। ਕਈ ਕਾਰਕੁੰਨ ਕਹਿਣ ਲੱਗੇ, "ਅਸੀਂ ਉਤਪਾਦਨ ਦੇ ਸਿਖਰਾਂ 'ਤੇ ਪਹੁੰਚ ਗਏ ਹਾਂ, ਉਪਜ ਇਸ ਤੋਂ ਹੋਰ ਅੱਗੇ ਨਹੀਂ ਵੱਧ ਸਕਦੀ।"

ਪਾਰਟੀ ਸ਼ਾਖਾ ਨੇ ਇਸ ਸਮੱਸਿਆ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ ਅਤੇ ਵਿਚਾਰ-ਵਟਾਂਦਰਾ ਸ਼ੁਰੂ ਕਰ ਦਿੱਤਾ। ਚਿਆਂਗ-ਜ਼ੂ-ਵਾਂਙ ਨੇ ਕਿਹਾ, "**ਵਿਰੋਧਤਾਈਆਂ ਬਾਰੇ**" **ਲੇਖ** ਸਾਨੂੰ ਦੱਸਦਾ ਹੈ ਕਿ ਹਰ ਚੀਜ਼ ਵਿਕਾਸ ਦੇ ਅਮਲ ਵਿੱਚ ਹੈ। ਚੀਜ਼ਾਂ ਨੂੰ ਨਿੱਖੜਵੀਆਂ ਤੇ ਖੜੋਤ ਵਿੱਚ ਦੇਖਣਾ ਅਧਿਆਤਮਵਾਦ ਹੈ, ਅਤੇ ਗ਼ਲਤ ਹੈ। ਸੋ, ਇਸ ਵਿਚਾਰ ਦੀ ਕਿ 'ਪੈਦਾਵਾਰ ਵੱਧ ਤੋਂ ਵੱਧ ਹੋ ਚੁੱਕੀ ਹੈ' ਨਿਰਖ਼ ਕਰਨ ਲਈ ਸਾਨੂੰ ਵਿਕਾਸ ਦਾ ਉਪਰਲਾ ਨਜ਼ਰੀਆ ਅਪਣਾਉਣਾ ਚਾਹੀਦਾ ਹੈ ਤੇ ਦੇਖਣਾ ਚਾਹੀਦਾ ਹੈ ਕਿ ਇਹ ਪਾਇਦਾਰ ਹੈ ਜਾਂ ਨਹੀਂ।"

ਉਹਨਾਂ ਨੇ ਬੀਤੇ ਦਾ ਹੁਣ ਨਾਲ਼ ਮੁਕਾਬਲਾ ਕੀਤਾ। ਜਿਹੜੇ ਕਾਰਕੁੰਨ ਇਸ ਗੱਲ 'ਤੇ ਸ਼ੱਕ ਕਰਦੇ ਸਨ ਕਿ ਬਰਗੇਡ ਦਾ ਉਤਪਾਦਨ 24 ਕੁਇੰਟਲ ਪ੍ਰਤੀ ਏਕੜ ਹੋ ਸਕਦਾ ਹੈ, ਉਹਨਾਂ ਹੁਣ ਦੇਖਿਆ ਕਿ ਇਹ ਨਾ ਸਿਰਫ਼ ਨਿਸ਼ਾਨੇ ਤੱਕ ਪਹੁੰਚ ਗਿਆ ਹੈ, ਸਗੋਂ ਉਸ ਤੋਂ ਵੀ ਅੱਗੇ ਲੰਘ ਗਿਆ ਹੈ। ਉਹਨਾਂ ਨੇ ਉਦੋਂ ਇਸ 'ਤੇ ਸ਼ੱਕ ਕਿਉਂ ਕੀਤਾ? ਇਹ ਇਸ ਕਰਕੇ ਸੀ ਕਿਉਂਕਿ ਉਹ ਗ਼ਲਤ ਸੋਚਦੇ ਸਨ ਕਿ "ਕਿ ਪੈਦਾਵਾਰ ਵੱਧ ਤੋਂ ਵੱਧ ਹੋ ਚੁੱਕੀ ਹੈ।" ਅਸਲ ਵਿੱਚ ਉਤਪਾਦਨ ਦੀ ਕੋਈ ਹੱਦ ਨਹੀਂ। ਅਜਿਹੇ ਵਿਸ਼ਲੇਸ਼ਣ ਰਾਹੀਂ ਵਿਰੋਧਤਾਈ ਦਾ ਮੁੱਖ ਪੱਖ ਲੱਭਿਆ ਗਿਆ ਸੀ। ਉਹਨਾਂ ਆਪਣੇ ਪਿਛਲੇ ਤਜ਼ਰਬੇ ਤੇ ਝਾਤ ਮਾਰੀ ਤੇ ਸਬਕ ਲਏ: ਉਤਪਾਦਨ ਵਿੱਚ ਅਜੇ ਵੀ ਕਈ ਕਮਜ਼ੋਰ ਨੁਕਤੇ ਸਨ ਅਤੇ ਬਹੁਤ ਸਾਰਾ ਕੰਮ ਕਰਨਾ ਅਜੇ ਬਾਕੀ ਪਿਆ ਸੀ। ਖਾਦਾਂ ਦੀ ਘਾਟ ਸੀ, ਬੀਜਾਂ ਦੀਆਂ ਨਵੀਆਂ ਕਿਸਮਾਂ ਲੱਭਣ ਵਾਲੀਆਂ ਸਨ, ਦੋਹਰੀ ਫ਼ਸਲ ਦੇਣ ਵਾਲੇ ਝੋਨੇ ਦਾ ਰਕਬਾ ਵਧਾਉਣ ਵਾਲਾ ਸੀ, ਸਿੰਜਾਈ ਦੇ ਕੰਮ ਨੂੰ ਅਜੇ ਹੋਰ ਵਧੀਆ ਬਣਾਇਆ ਜਾਣਾ ਸੀ, ਆਦਿ, ਆਦਿ। ਜਦ ਬਰਗੇਡ ਨੇ ਇਹ ਸਭ ਕੁੱਝ ਕਰ ਲਿਆ ਤਾਂ 1965 ਵਿੱਚ ਪੈਦਾਵਾਰ ਬਹੁਤ ਵੱਧ ਗਈ। ਇਹ ਇੱਕ ਏਕੜ ਤੱਕ 27 ਤੱਕ ਅੱਪੜ ਗਈ।

ਫ਼ਲਸਫ਼ੇ ਦੇ ਅਧਿਐਨ ਦੇ ਚੰਗੇ ਨਤੀਜੇ ਦੇਖਦਿਆਂ ਲੋਕ ਇਹ ਕਹਿਣ ਵਿੱਚ ਮਾਣ ਮਹਿਸੂਸ ਕਰਦੇ: "ਚੇਅਰਮੈਨ ਮਾਓ ਦੀ **ਵਿਰੋਧਤਾਈਆਂ ਬਾਰੇ** ਰਚਨਾ ਵਾਕਈ ਕੰਮ ਦੀ ਹੈ" ਪਾਰਟੀ ਸ਼ਾਖ਼ਾ ਦੇ ਇੱਕ ਸਾਥੀ ਨੇ ਚੇਤਾ ਕੀਤਾ ਕਿ ਉਹਨਾਂ ਨੂੰ ਦਰੱਖਤਾਂ 'ਤੇ ਚੜ੍ਹਨੋਂ ਨਾ-ਕਾਬਲ ਸ਼ੇਰ ਕਿਹਾ ਗਿਆ ਸੀ। "ਪਰ ਅਸੀਂ ਅਜਿਹਾ ਕਰਨ ਲਈ ਦ੍ਰਿੜ ਸੀ ਅਤੇ ਅਸੀਂ ਹੁਣ ਪਹਿਲੀ ਪੌੜੀ 'ਤੇ ਚੜ੍ਹ ਗਏ ਹਾਂ। ਹੋਰ ਯਤਨਾਂ ਨਾਲ਼ ਅਸੀਂ ਹੋਰ ਉਤਾਂਹ ਜਾਵਾਂਗੇ।"

***

# ਫ਼ਿਲਾਸਫ਼ੀ ਦੇ ਅਧਿਐਨ ਦੀ ਲਹਿਰ ਜ਼ੋਰ ਫੜ ਗਈ

## ਅਸਰਚਰਜ ਗੱਲਾਂ ਦੇ ਭੇਤ ਬੁੱਝ ਲਏ ਗਏ

ਚਿੰਨ ਚੀਅਨ ਉਤਪਾਦਕ ਬਰਗੇਡ ਦੀ ਪਾਰਟੀ ਸ਼ਾਖ਼ਾ ਨੇ 1964 ਵਿੱਚ ਫ਼ਿਲਾਸਫ਼ੀ ਦੀ ਪੜ੍ਹਾਈ ਸ਼ੁਰੂ ਕੀਤੀ ਤਾਂ ਉਦੋਂ ਭਾਗ ਲੈਣ ਵਾਲੇ ਕੁੱਲ ਬਾਰਾਂ ਮੈਂਬਰ ਸਨ। ਪਿੱਛੋਂ ਕੁੱਝ ਸਰਗਰਮਾਂ ਨੂੰ ਨਾਲ਼ ਰਲਾਅ ਗਿਆ ਅਤੇ ਗਿਣਤੀ 20 ਤੋਂ ਉੱਤੇ ਪਹੁੰਚ ਗਈ। ਪਰ ਉਸ ਵੇਲੇ ਉਪਰਲੀ ਲੀਡਰਸ਼ਿਪ ਨੇ ਉਹਨਾਂ ਦੀ ਪੜ੍ਹਾਈ ਨੂੰ ਹੱਲਾਸ਼ੇਰੀ ਨਾ ਦਿੱਤੀ, ਇਸ ਲਈ ਉਹਨਾਂ ਨੇ ਇਸ ਨੂੰ ਲੁਕੋ ਕੇ ਰੱਖਿਆ। ਤਾਂ ਵੀ, ਛਿਮਾਹੀ ਪਿੱਛੋਂ ਉਹਨਾਂ ਪੜ੍ਹਾਈ ਦੀ ਗੱਲ ਬਾਹਰ ਤੁਰ ਪਈ ਤੇ ਸਾਰੇ ਫ਼ੈਲ ਗਈ। ਹਰ ਵਾਰ ਜਦੋਂ ਚਿਆਂਗ-ਜ਼ੂ-ਵਾਂਙ ਕਮਿਊਨ ਮੀਟਿੰਗ ਲਈ ਜਾਂਦਾ ਤਾਂ ਕੋਈ ਨਾ ਕੋਈ ਉਸ ਨੂੰ ਮਸਖਰੀ ਨਾਲ਼ ਕਹਿੰਦਾ : "ਉਹ, ਵਿਰੋਧਤਾਈਆਂ ਨੂੰ ਨਜਿੱਠਣ ਵਾਲੇ ਮਾਹਰ, ਆ ਗਿਆਂ ਬਈ। ਸਾਡੀਆਂ ਸਮੱਸਿਆਵਾਂ ਵਿੱਚ ਵੀ ਹੱਥ ਵਟਾ ਦਿਆ ਕਰ।" ਅੱਧੀ ਛੁੱਟੀ ਦੌਰਾਨ, ਚਿੰਨ ਚੀਆਂਗ ਉਤਪਾਦਕ ਬਰਗੇਡ ਦੇ ਮੈਂਬਰਾਂ ਨੂੰ ਸੁਣ ਕੇ ਦੂਸਰੇ ਬਰਗੇਡਾਂ ਦੇ ਕਿਸਾਨ ਗੱਲ ਦੱਬ ਕੇ ਕਹਿੰਦੇ, **ਵਿਰੋਧਤਾਈਆਂ ਬਾਰੇ** ਪੜ੍ਹ ਕੇ ਵੀ ਅਜੇ ਤੁਹਾਡੀਆਂ ਸਮੱਸਿਆਵਾਂ ਨਹੀਂ ਮੁੱਕਦੀਆਂ? ਇਸ ਤਰ੍ਹਾਂ ਉਹ ਅਕਸਰ ਚਿੰਨ ਅਤੇ ਸਾਥੀਆਂ ਬਾਰੇ ਬੁੜ-ਬੁੜ ਕਰਦੇ ਰਹਿੰਦੇ।

ਉਸ ਵੇਲੇ ਕਈ ਬਾਹਰਮੁਖੀ ਮੁਸ਼ਕਲਾਂ ਸਨ। ਲਿਊ ਸ਼ਾਓ-ਚੀ ਨੇ ਮਾਓ-ਜ਼ੇ-ਤੁੰਗ ਵਿਚਾਰਧਾਰਾ ਦੇ ਫ਼ੈਲਾਅ ਨੂੰ ਰੋਕਣ ਲਈ ਮਾਓ ਦੀਆਂ ਰਚਨਾਵਾਂ ਨੂੰ ਸੀਮਤ ਕਰ ਦਿੱਤਾ। ਚਿੰਨ ਚੀਆਂਗ ਉਤਪਾਦਕ ਬਰਗੇਡ ਵਿੱਚ **ਮਾਓ-ਜ਼ੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ** ਦੀਆਂ ਸਿਰਫ਼ ਚਾਰ ਹੀ ਕਾਪੀਆਂ ਸਨ, ਅਤੇ ਕਾਊਂਟੀ ਦੇ ਕਸਬੇ ਵਿੱਚ ਸਿਨਹੂਆ ਕਿਤਾਬ ਘਰ ਤੋਂ ਹੋਰ ਕਿਤਾਬਾਂ ਖ਼ਰੀਦਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫ਼ਲ ਰਹੀਆਂ। ਨਾ ਹੀ ਚਿੰਨ ਹੂਆ ਤੇ ਹਾਂਗ-ਚੋ ਸ਼ਹਿਰਾਂ ਤੋਂ ਕਿਤਾਬਾਂ ਖ਼ਰੀਦਣ ਲਈ ਕਾਊਂਟੀ ਦੇ ਅਧਿਕਾਰ ਹਾਸਲ ਸਨ। ਇਹ ਇੱਕ ਓਪਰੀ ਜਿਹੀ ਗੱਲ ਸੀ ਕਿ ਮਾਓ ਜ਼ੇ-ਤੁੰਗ ਦੀਆਂ ਰਚਨਾਵਾਂ ਦੀ ਖ਼ਰੀਦ ਸੀਮਤ ਕਰ ਦਿੱਤੀ ਜਾਵੇ।

ਪਰ ਗੱਲ ਸਿਰਫ਼ ਏਨੀ ਹੀ ਨਹੀਂ ਸੀ। ਪਾਰਟੀ ਸ਼ਾਖ਼ਾ ਦੇ ਬੁੱਢੇ ਮੈਂਬਰ ਚਿਆਂਗ-ਚਿੰਗਲਿਆਂਗ ਨੇ ਪੁਰਾਣੇ ਸਮਾਜ ਵਿੱਚ ਜਗੀਰਦਾਰਾਂ ਵਾਸਤੇ 29 ਸਾਲ ਸਖ਼ਤ ਮਿਹਨਤ ਕੀਤੀ ਸੀ ਅਤੇ ਪ੍ਰਧਾਨ ਮਾਓ ਦੇ ਪ੍ਰਤੀ ਉਹਦੇ ਮਨ ਵਿੱਚ ਗਹਿਰੀਆਂ ਪ੍ਰੋਲਤਾਰੀ ਭਾਵਨਾਵਾਂ ਸਨ। ਭਾਵੇਂ ਉਹ ਅਨਪੜ੍ਹ ਸੀ ਪਰ ਉਹਨੇ ਫ਼ਿਲਾਸਫ਼ੀ ਦੀ ਪੜ੍ਹਾਈ ਕਰਨ ਦਾ ਪੱਕਾ ਇਰਾਦਾ ਕੀਤਾ ਹੋਇਆ ਸੀ। **ਇੱਕ ਦੀ ਦੋ ਵਿੱਚ ਵੰਡ** ਦੇ ਅਰਥਾਂ ਦੀ ਡੂੰਘਾਈ ਸਮਝਣ ਲਈ ਉਹ ਤਿੰਨ ਰਾਤਾਂ ਨਾ ਸੁੱਤਾ। ਚਿਆਂਗ ਜ਼ੂ-ਵਾਂਙ ਦੀ ਮਦਦ ਨਾਲ਼ ਉਸ ਨੇ ਆਪਣੀ ਸੋਚਣੀ ਬਾਰੇ ਮੁੜ ਵਿਚਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ **ਇੱਕ ਦੀ ਦੋ ਵਿੱਚ ਵੰਡ ਦੇ ਨੁਕਤੇ ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ** :ਜਦ 1960-62 ਦੌਰਾਨ ਚੀਨ ਵਿੱਚ ਵਕਤੀ ਮੁਸ਼ਕਲਾਂ ਆਈਆਂ ਤਾਂ ਸਮੂਹਕ ਹਿੱਤਾਂ ਵੱਲ ਮੈਂ ਆਪਣਾ ਲਗਾਓ ਬਹੁਤ ਘੱਟ

ਕਰ ਦਿੱਤਾ ਸੀ। ਆਪਣੇ ਨਿੱਜੀ ਪਲਾਟ ਨੂੰ ਮੈਂ ਜੋਸ਼-ਖਰੋਸ਼ ਨਾਲ਼ ਵਾਹੁੰਦਾ ਸੀ ਪਰ ਸਮੂਹਕ ਫਾਰਮ ਉਤੇ ਹੋਰ ਹੀ ਗੱਲ ਸੀ। ਮੈਂ ਦੋ ਕਿਸਮ ਦੀਆਂ ਸ਼ਕਤੀਆਂ ਨਾਲ਼ ਕੰਮ ਕਰਦਾ ਸੀ-ਇੱਕ ਸਮੂਹਕ ਵਾਸਤੇ ਤੇ ਇੱਕ ਆਪਣੇ ਵਾਸਤੇ। ਕੀ ਇਹ ਆਪਾ ਵਿਰੋਧੀ ਨਹੀਂ ਹਨ? ਇਹ ਮੇਰੇ ਮਨ ਵਿੱਚ ਦੋ ਰਾਹਾਂ ਅਤੇ ਸੋਚਣੀ ਦੋ ਤਰੀਕਿਆਂ ਵਿਚਕਾਰ ਘੋਲ਼ ਨੂੰ ਦਰਸਾਉਂਦਾ ਸੀ। ਉਦੋਂ ਤੋਂ ਹੀ ਚਿਆਂਗ ਚਿੰਨ-ਲਿਆਂਗ ਨੇ ਹਮੇਸ਼ਾ ਖ਼ੁਦਗਰਜ਼ੀ ਵਿਰੁੱਧ ਲੜਨ ਅਤੇ ਸੋਧਵਾਦ ਦੀ ਨੁਕਤਾਚੀਨੀ ਵਿੱਚ ਪਹਿਲ ਕਰਨ ਦਾ ਯਤਨ ਕੀਤਾ। ਉਸ ਨੇ ਹਮੇਸ਼ਾ ਸਮੂਹਕ ਹਿੱਤਾਂ ਨੂੰ ਪਹਿਲ ਦਿੱਤੀ। ਗਰੀਬ ਤੇ ਹੇਠਲੇ-ਦਰਮਿਆਨੇ ਕਿਸਾਨ ਕਹਿੰਦੇ ਕਿ ਉਹ ਚੰਗੀ ਤਰ੍ਹਾਂ ਘੋਖ਼ ਪੜਤਾਲ ਕਰਦਾ ਸੀ ਅਤੇ ਉਹਨਾਂ ਨੇ ਉਸ ਨੂੰ ਗਰੀਬ ਤੇ ਹੇਠਲੇ-ਦਰਮਿਆਨੇ ਕਿਸਾਨਾਂ ਦੀ ਸਭਾ ਦੀ ਸੂਬਾ-ਪੱਧਰੀ ਮੀਟਿੰਗ ਲਈ ਨੁਮਾਇੰਦਾ ਚੁਣ ਲਿਆ। ਚਿਆਂਗ ਚਿੰਨ-ਲਿਆਂਗ ਨੇ ਦੱਸਿਆ ਕਿ ਕਿਵੇਂ ਉਹ ਪ੍ਰਧਾਨ ਮਾਓ ਦੇ ਫ਼ਿਲਾਸਫ਼ੀ ਦੇ ਸੰਕਲਪਾਂ ਨੂੰ ਅਮਲ ਵਿੱਚ ਲਾਗੂ ਕਰਦਾ ਸੀ। ਲੋਕਾਂ ਨੇ ਉਸ ਦੀ ਤਕਰੀਰ ਦੀ ਤਰੀਫ਼ ਕੀਤੀ ਤੇ ਕਿਹਾ ਕਿ ਇਹ ਛਪਣੀ ਚਾਹੀਦੀ ਹੈ। ਇਹ ਹੱਥ ਲਿਖਤ ਸਾਬਕਾ ਸੂਬਾ ਪਾਰਟੀ ਕਮੇਟੀ ਅਧੀਨ ਪ੍ਰਚਾਰ ਮਹਿਕਮੇ ਦੇ ਇੱਕ ਪੂੰਜੀਪਤੀ ਮਾਰਗੀਏ ਕੋਲ਼ ਚਲੀ ਗਈ, ਜਿਸ ਨੇ ਇਸ ਨੂੰ ਪੜ੍ਹਕੇ ਆਪਣਾ ਸਿਰ ਛੰਡਿਆ। ਉਸ ਨੇ ਕਿਹਾ, "ਮੈਨੂੰ ਯਕੀਨ ਨਹੀਂ ਕਿ ਇੱਕ ਅਨਪੜ੍ਹ ਏਨੀ ਚੰਗੀ ਤਰ੍ਹਾਂ ਪੜ੍ਹ-ਲਿਖ ਸਕਦਾ ਹੈ।" ਅਤੇ ਉਸ ਨੇ ਲੇਖ ਨੂੰ ਦੱਬ ਲਿਆ।

ਇਹ 1965 ਦੇ ਸਾਲ ਦਾ ਪਹਿਲਾ ਅੱਧ ਸੀ ਜਦ ਇਸ ਪੂੰਜੀਪਤੀ-ਮਾਰਗੀਏ ਨੇ ਚਿੰਨ ਚੀਅਨ ਬਰਗੇਡ ਦੀ ਫ਼ਿਲਾਸਫ਼ੀ ਦੀ ਤਾਲੀਮ ਉੱਤੇ ਪਾਣੀ ਫੇਰ ਦਿੱਤਾ।

ਫਿਰ ਮਹਾਨ ਪ੍ਰੋਲੇਤਾਰੀ ਸੱਭਿਆਚਾਰ ਇਨਕਲਾਬ ਆਇਆ। ਪ੍ਰਧਾਨ ਮਾਓ ਦੇ ਵੱਡੇ ਅਕਾਰ ਦੇ ਪੋਸਟਰ, **ਹੈੱਡਕੁਆਰਟਰ 'ਤੇ ਬੰਬਾਰੀ ਕਰੋ** ਵਿੱਚ ਦਿੱਤੇ ਸੱਦੇ ਦਾ ਹੁੰਗਾਰਾ ਭਰਦਿਆਂ ਲੱਖਾਂ ਹੀ ਇਨਕਲਾਬੀ ਲੋਕਾਂ ਨੇ ਦੇਸ਼ ਭਰ ਵਿੱਚ ਉਹਨਾਂ ਬੁਰਜੂਆ ਕੇਂਦਰਾਂ ਉੱਤੇ ਹੱਲਾ ਬੋਲ ਦਿੱਤਾ ਜਿਹੜੇ ਭਗੌੜੇ, ਗੱਦਾਰ ਤੇ ਮੱਕਾਰ ਲਿਊ ਸ਼ਾਓ-ਚੀ ਦੀ ਨੁਮਾਇੰਦਗੀ ਕਰਦੇ ਸਨ ਅਤੇ ਉਹਨਾਂ ਦੇ ਕੁਕਰਮਾਂ ਨੂੰ ਇੱਕ-ਇੱਕ ਕਰਕੇ ਨੰਗਾ ਕੀਤਾ। ਚਿਆਂਗ ਜ਼ੂ-ਵਾਂਙ ਤੇ ਸਾਥੀਆਂ ਨੂੰ ਫੇਰ ਪਤਾ ਲੱਗਿਆ ਕਿ ਇਹ ਲਿਊ ਸ਼ਾਓ-ਚੀ ਹੀ ਸੀ ਜੋ ਸਰਮਾਏਦਾਰੀ ਦੀ ਮੁੜ ਬਹਾਲੀ ਕਰਨ ਵਾਲ਼ੀ ਅਸਲ ਜੜ੍ਹ ਸੀ, ਇਹ ਉਹੀ ਸੀ ਜਿਸਨੇ ਸ਼ਾਨ ਜੀ-ਯੀ-ਬਾਓ ਦੇ ਗੰਦੇ ਝੁਕਾਅ ਨੂੰ ਹਵਾ ਦਿੱਤੀ। ਇਹ ਉਹੀ ਸੀ ਜਿਸਨੇ ਆਪਣੀ ਬੁਰਜੂਆ ਪਿੱਛੇ-ਖਿੱਚੂ ਲੀਹ, ਜਿਹੜੀ ਕਿ ਰੂਪ ਵਿੱਚ 'ਖੱਬੀ' ਤੇ ਤੱਤ ਵਿਚ 'ਸੱਜੀ' ਸੀ, ਨੂੰ ਅੱਗੇ ਲਿਆ ਕੇ ਸਮਾਜਵਾਦੀ ਵਿੱਦਿਆ ਲਹਿਰ ਨੂੰ ਢਾਹ ਲਾਈ ਸੀ, ਤੇ ਜਿਸਨੇ ਮਾਓ ਦੀਆਂ ਰਚਨਾਵਾਂ ਦੀ ਪੜ੍ਹਾਈ ਅਤੇ ਇਸ ਦੇ ਅਮਲ ਦੇ ਜਨਤਕ ਲਹਿਰ ਦੀ ਵਿਰੋਧਤਾ ਕੀਤੀ ਸੀ।

ਮਹਾਨ ਪ੍ਰੋਲੇਤਰੀ ਸੱਭਿਆਚਾਰਕ ਇਨਕਲਾਬ ਅੰਦਰ ਚਿਆਂਗ-ਜ਼ੂ-ਵਾਂਙ ਅਤੇ ਉਸ ਦੇ ਸਾਥੀ ਪ੍ਰਧਾਨ ਮਾਓ ਦੀ ਪ੍ਰੋਲੇਤਾਰੀ ਇਲਕਲਾਬੀ ਲੀਹ ਅਤੇ ਲਿਊ ਸ਼ਾਓ-ਚੀ ਦੀ ਉਲਟ ਇਨਕਲਾਬੀ ਸੋਧਵਾਦੀ ਲੀਹ ਵਿਚਕਾਰ ਅੰਤਰ ਪਾਰਟੀ ਘੋਲ਼ ਨੂੰ ਬਿਹਤਰ ਸਮਝਣ ਲੱਗ ਪਏ ਅਤੇ ਉਹਨਾਂ ਵਿਚਕਾਰ ਚੱਲ ਰਹੇ ਘੋਲ਼ ਬਾਰੇ ਇਹਨਾਂ ਦੀ ਚੇਤਨਾ ਹੋਰ ਉੱਚੀ ਹੋ

ਗਈ। ਚਿਆਂਗ ਜ਼ੂ-ਵਾਂਙ ਨੇ ਅਹਿਸਾਸ ਕੀਤਾ ਕਿ ਲਿਊ ਅਤੇ ਫ਼ਿਲਾਸਫ਼ੀ ਦੇ ਹਲਕਿਆਂ ਵਿੱਚ ਉਸ ਦੇ ਏਜੰਟ ਜਿਵੇਂ ਯਿਆਂਗ ਸ਼ੀਨ-ਚਿੰਗ ਵਰਗੇ ਕਾਮਿਆਂ, ਤੇ ਕਿਸਾਨਾਂ ਤੇ ਫੌਜ਼ੀਆਂ ਵੱਲੋਂ ਫ਼ਿਲਾਸਫ਼ੀ ਦੀ ਤਾਲੀਮ ਹਾਸਲ ਕਰਨ ਦਾ ਵਿਰੋਧ ਕਰਦੇ ਸਨ। ਜਨਤਾ ਠੀਕ ਸਿੱਧ ਹੋਈ। ਪ੍ਰਧਾਨ ਮਾਓ ਦੇ ਇਸ ਸੱਦੇ ਦਾ ਦ੍ਰਿੜਤਾ ਨਾਲ਼ ਉੱਤਰ ਦਿੰਦਿਆਂ ਕਿ, ਫ਼ਿਲਾਸਫ਼ੀ ਨੂੰ ਫ਼ਿਲਾਸਫ਼ਰਾਂ ਦੇ ਬੰਦ ਕਮਰਿਆਂ ਤੇ ਕਿਤਾਬਾਂ ਦੀਆਂ ਵਲਗਣਾਂ ਤੋਂ ਮੁਕਤ ਕਰਵਾਓ ਅਤੇ ਇਸ ਨੂੰ ਜਨਤਾ ਦੇ ਹੱਥਾਂ ਵਿੱਚ ਤਿੱਖੇ ਹਥਿਆਰਾਂ ਵਿੱਚ ਬਦਲ ਦਿਓ। ਲੋਕਾਂ ਨੇ ਫ਼ਿਲਾਸਫ਼ੀ ਦੀ ਤਾਲੀਮ ਹਾਸਲ ਕਰਨ ਦੀ ਲਹਿਰ ਨੂੰ ਹੋਰ ਅੱਗੇ ਲਿਜਾਣ ਦਾ ਤਹੱਈਆ ਕੀਤਾ।

## ਜਮਾਤੀ ਘੋਲ਼ 'ਚ ਮੂਹਰੇ

ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਅੰਦਰ ਦੋ ਜਮਾਤਾਂ ,ਦੋ ਰਾਹਾਂ ਅਤੇ ਦੋ ਲੀਹਾਂ ਵਿਚਕਾਰ ਘੋਲ਼, 1967 ਦੀ ਪਤਝੜ ਵਿੱਚ ਹੋਰ ਤਣਿਆ ਗਿਆ। ਇਸ ਫੈਸਲਾਕੁੰਨ ਘੜੀ ਵੇਲੇ ਚਿੰਨ ਚੀਅਨ ਬਰਗੇਡ ਵਿੱਚ ਅਸਧਾਰਨ ਸੋਕਾ ਪੈ ਗਿਆ ਅਤੇ ਕੁੱਲ ਚਾਰ ਵੱਡੇ ਹੌਜ਼ ਅਤੇ 83 ਛੱਪੜ ਸੁੱਕ ਗਏ। ਝੋਨੇ ਦੇ ਖੇਤ ਪੱਥਰ ਹੋ ਗਏ ਤੇ ਸੌਣੀ ਦੀਆਂ ਬਹੁਤ ਸਾਰੀਆਂ ਪਛੇਤੀਆਂ ਫ਼ਸਲਾਂ ਕੁਮਲਾ ਗਈਆਂ। ਹਾਲਤ ਚਿੰਤਾਜਨਕ ਹੋ ਗਈ।

ਕੁਝ ਬੰਦੇ ਦਿਲ ਛੱਡ ਗਏ। ਉਹ ਧਾਹ ਮਾਰ ਕੇ ਕਹਿੰਦੇ,"ਸਾਡਾ ਕੱਖ ਨਹੀਂ ਰਿਹਾ। ਪਸ਼ੂ ਵੀ ਇਹੋ ਜਿਹਾ ਖਾਣਾ ਨਹੀਂ ਖਾਣਗੇ। ਸਾਡਾ ਕੀ ਬਣੇਗਾ? ਹੋਰ ਕਹਿੰਦੇ, "ਸਾਡੀ ਸੌਣੀ ਦੀ ਫ਼ਸਲ ਮਾਰੀ ਗਈ ਹੈ ਅਤੇ ਅਜਿਹੀ ਡਾਕਰ ਜਮੀਨ ਵਿੱਚ ਹਾੜ੍ਹੀ ਦੀ ਬਿਜਾਈ ਦੀ ਕੋਈ ਆਸ ਨਹੀਂ। ਅਗਲੇ ਸਾਲ ਅਸੀਂ ਕੀ ਖਾਵਾਂਗੇ?"

ਕੁਝ ਗੱਬਰੂ ਇਹਨਾਂ ਮੁਸ਼ਕਲਾਂ ਸਾਹਮਣੇ ਨਿਤਾਣੇ ਹੋ ਗਏ। ਕਈਆਂ ਨੇ ਬਾਹਰ ਰਿਸ਼ਤੇਦਾਰ ਜਾਂ ਦੋਸਤਾਂ ਕੋਲ਼ ਮਦਦ ਲਈ ਜਾਣਾ ਚਾਹਿਆ ਅਤੇ ਬਹੁਤ ਸਾਰੇ ਬੁੱਢੇ ਸਰਕਾਰੀ ਮਦਦ ਦੀ ਉਡੀਕ ਕਰਨ ਲੱਗੇ।

ਮੁੱਠੀ ਭਰ ਦੁਸ਼ਮਣਾਂ ਨੇ ਕਿ ਉਹਨਾਂ ਦਾ ਵੇਲ਼ਾ ਆ ਗਿਆ ਹੈ ਅਤੇ ਉਹ ਬੇਚੈਨੀ ਨੂੰ ਹਵਾ ਦੇਣ ਲੱਗੇ। ਉਹਨਾਂ ਨੇ ਗੱਲ ਫ਼ੈਲਾਈ ਕਿ ਝੋਨਾ ਕੁਮਲਾ ਗਿਆ ਹੈ ਪਰ ਲੋਕ ਤਾਂ ਨਹੀਂ ਨਾ ਮਰੇ! ਲੋਕਾਂ ਨੂੰ ਆਪਣੀ ਅਕਲ ਵਰਤ ਕੇ ਰਾਹ ਲੱਭ ਲੈਣਾ ਚਾਹੀਦਾ ਹੈ। ਉਹਨਾਂ ਨੇ ਸੱਟੇਬਾਜ਼ੀ ਤੇ ਮੁਨਾਫ਼ਾਖੋਰੀ ਸ਼ੁਰੂ ਕਰ ਦਿੱਤੀ। ਇਸ ਤੋਂ ਇਲਾਵਾ ਉਹ ਸਿਰ ਜੋੜ ਕੇ ਬਹਿੰਦੇ। ਕਈ ਤਾਂ ਇਥੋਂ ਤੱਕ ਚਲੇ ਜਾਂਦੇ ਉਹ ਆਪਣੇ ਵਿਰੁੱਧ ਪਾਸ ਹੋਏ ਫ਼ੈਸਲਿਆਂ ਨੂੰ ਪੁੱਠਾ ਗੇੜਾ ਦੇਣ ਲੱਗ ਪਏ ਸਨ। ਜਨਤਾ ਦੀ ਤਾਕਤ ਦਾ ਘਟਾ ਕੇ ਅੰਦਾਜ਼ਾ ਲਾਉਂਦਿਆਂ ਉਹਨਾਂ ਸੋਚਿਆ ਕਿ ਲੋਕ ਕੁਦਰਤੀ ਤਾਕਤ ਸਾਹਮਣੇ ਬੇਬਸ ਹੋਣਗੇ ਅਤੇ ਕਿਉਂਕਿ ਕਾਡਰ ਦੀ ਨੁਕਤਾਚੀਨੀ ਕੀਤੀ ਗਈ ਸੀ ਤੇ ਉਹਨਾਂ ਨੂੰ ਗੁੱਠੇ ਲਾ ਦਿੱਤਾ ਗਿਆ ਸੀ, ਇਸ ਲਈ ਉਹਨਾਂ ਸੋਚਿਆ ਕਿ ਉਹਨਾਂ ਨੂੰ ਹੁਣ 'ਤਪਦੀ ਤੇ ਆਪਣੀਆਂ ਗੁੱਲੀਆਂ ਲਾਹੁਣ ਦੀ ਖੁੱਲ੍ਹ ਹੈ।'

ਇਹਨਾਂ ਵਿਰੋਧਤਾਈਆਂ ਸਾਹਮਣੇ ਚਿਆਂਗ ਜ਼ੂ-ਵਾਂਗ ਨੇ ਸੋਚਿਆ, " ਝੋਨਾ ਸੋਕੇ ਨਾਲ਼ ਮਰ ਰਿਹਾ ਹੈ ਪਰ ਲੋਕ ਹਾਲੇ ਜ਼ਿੰਦਾ ਹਨ ਸਾਨੂੰ ਜਨਤਾ ਨੂੰ ਪ੍ਰਧਾਨ ਮਾਓ ਦੇ

ਫ਼ਿਲਾਸਫ਼ੀ ਦੇ ਵਿਚਾਰਾਂ ਨਾਲ਼ ਲੈਸ ਕਰਨਾ ਚਾਹੀਦਾ ਹੈ ਅਤੇ ਮੁੱਠੀ ਭਰ ਜਮਾਤੀ ਦੁਸ਼ਮਣਾਂ ਨਾਲ਼ ਲੜਨਾ ਚਾਹੀਦਾ ਹੈ। ਸਾਨੂੰ ਆਪਣੇ ਹੀ ਯਤਨਾਂ ਉੱਤੇ ਭਰੋਸਾ ਰੱਖਦਿਆਂ ਕੁਦਰਤੀ ਤਬਾਹੀ 'ਤੇ ਕਾਬੂ ਪਾਉਣਾ ਚਾਹੀਦਾ ਹੈ।"

ਬਰਗੇਡ ਦੇ ਮੈਂਬਰ ਮੀਟਿੰਗ ਕਰ ਰਹੇ ਸਨ। ਇਸ ਲਈ ਰਾਤ ਤੱਕ ਚਿੰਨ ਚਿਅਨ ਬਰਗੇਡ ਵਿੱਚ ਦੀਵਾ ਬਲ਼ਦਾ ਰਿਹਾ। ਚਿਆਂਗ ਜ਼ੂ-ਵਾਂਙ, ਤਾਈ ਸਿਆਂਗ-ਮੀ, ਫਾ-ਲਿਆਂਗ ਤੇ ਹੋਰ ਸਾਥੀ ਵੀ ਮੇਜ਼ ਦੁਆਲੇ ਬੈਠੇ, ਪ੍ਰਧਾਨ ਦੀਆਂ ਰਚਨਾਵਾਂ ਦੀ ਘੋਖ਼ ਕਰ ਰਹੇ ਸਨ। ਮਹਾਨ ਸੱਭਿਆਚਾਰਕ ਇਨਕਲਾਬ ਵੇਲ਼ੇ ਉਹਨਾਂ ਸਾਰਿਆਂ ਦੀ ਕੁਝ ਨਾ ਕੁੱਝ ਨੁਕਤਾਚੀਨੀ ਹੋਈ ਸੀ ਅਤੇ ਕਈਆਂ ਨੇ ਪਿੱਛੇ ਜਿਹੇ ਜਨਤਾ ਸਾਹਮਣੇ ਸਵੈ-ਨੁਕਤਾਚੀਨੀ ਕੀਤੀ ਸੀ। ਉਹ ਹੋਰ ਤਕੜੇ ਹੋ ਰਹੇ ਸਨ ਅਤੇ ਔਖੀਆਂ ਘੜੀਆਂ ਵਿੱਚ ਆਪਣੀਆਂ ਸਫ਼ਾਂ ਹੋਰ ਵੀ ਇੱਕ-ਜੁੱਟ ਕਰ ਰਹੇ ਸਨ?

ਹੁਣ ਉਹ ਬਰਗੇਡ ਵਿੱਚ ਉੱਠ ਰਹੇ ਮੌਜੂਦਾ ਵਿਚਾਰਾਂ ਦਾ ਵਿਸ਼ਲੇਸ਼ਣ ਕਰ ਰਹੇ ਸਨ ਅਤੇ ਇਸ ਸਿੱਟੇ ਉੱਤੇ ਪੁਹੰਚੇ ਕਿ ਭਾਵੇਂ ਵਿਚਾਰ ਵੱਖੋ-ਵੱਖਰੇ ਹਨ ਪਰ ਫਿਰ ਵੀ ਉਹ ਦੋ ਲੀਹਾਂ ਵਿਚਕਾਰ ਜੱਦੋ-ਜਹਿਦ ਨੂੰ ਹੀ ਜ਼ਾਹਰ ਕਰਦੇ ਹਨ। ਚਿਆਂਗ ਜ਼ੂ-ਵਾਂਗ ਨੇ ਨਿਰਖ਼ ਕੀਤੀ ਕਿ ਸਧਾਰਨ ਮੈਂਬਰਾਂ ਨੇ ਅਜੇ ਫ਼ਿਲਾਸਫ਼ੀ ਦੀ ਤਾਲੀਮ ਹਾਸਲ ਕਰਨੀ ਨਹੀਂ ਸੀ ਸ਼ੁਰੂ ਕੀਤੀ, ਭਾਵੇਂ ਪਾਰਟੀ ਸ਼ਾਖਾ ਨੇ ਇਹ 1964 ਵਿੱਚ ਹੀ ਸ਼ੁਰੂ ਕਰ ਦਿੱਤੀ ਸੀ। ਜੋ ਕੁੱਝ ਕਾਰਕੁੰਨ ਸਮਝ ਸਕਦੇ ਸਨ ਜ਼ਰੂਰੀ ਨਹੀਂ ਕਿ ਜਨਤਾ ਉਹ ਸਮਝ ਸਕਦੀ ਨਾਲ਼ ਹੀ ਕਾਰਕੁੰਨ ਤਾਲੀਮ ਹਾਸਲ ਕਰਨ ਵਿੱਚ ਜਨਤਾ ਤੋਂ ਨਿੱਖੜ ਜਾਣ ਤਾਂ ਉਹ ਕੁਝ ਵੀ ਪ੍ਰਾਪਤ ਨਹੀਂ ਕਰ ਸਕਣਗੇ। ਹੁਣ ਸਾਨੂੰ ਹਰ ਵਿਅਕਤੀ ਨਾਲ਼ ਸਬੰਧ ਰੱਖਦੇ ਦੋ ਲੀਹਾਂ ਵਿਚਕਾਰ ਘੋਲ਼ ਵਿਚਲੇ ਕੇਂਦਰੀ ਸੁਆਲਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਵਿਆਪਕ ਘੋਖ਼-ਪੜਤਾਲ ਅਤੇ ਵਿਚਾਰ-ਵਟਾਂਦਰਾ ਜਾਰੀ ਰੱਖਣਾ ਚਾਹੀਦਾ ਹੈ। ਇਹ ਗੱਲ ਪ੍ਰਧਾਨ ਮਾਓ ਦੇ ਫ਼ਿਲਾਸਫ਼ੀ ਦੇ ਵਿਚਾਰਾਂ ਨੂੰ ਜਨਤਾ ਵਿੱਚ ਪ੍ਰਚਾਰੇਗੀ ਪ੍ਰਧਾਨ ਮਾਓ ਦੇ ਫ਼ਿਲਾਸਫ਼ੀ ਦੀਆਂ ਰਚਨਾਵਾਂ ਦੀ ਪੜ੍ਹਾਈ ਨੂੰ ਹੁਲਾਰਾ ਦੇਵੇਗੀ।

ਆਗੂ ਟੋਲੀ ਨੇ ਵਿਚਾਰ ਕੀਤੀ ਤੇ ਸਿੱਟਾ ਕੱਢਿਆ ਕਿ ਸਾਰਾ ਧਿਆਨ ਮੁੱਖ ਵਿਰੋਧਤਾਈ 'ਤੇ ਕੇਂਦਰਤ ਹੋਣਾ ਚਾਹੀਦਾ ਹੈ। ਕੁਦਰਤੀ ਆਫ਼ਤ ਵਿਰੁੱਧ ਲੜਨ ਵਾਸਤੇ ਪਹਿਲਾਂ ਜਮਾਤੀ ਦੁਸ਼ਮਣਾਂ ਵਿਰੁੱਧ ਘੋਲ਼ ਜ਼ਰੂਰੀ ਹੈ। ਲੋਕਾਂ ਨੂੰ ਪ੍ਰਧਾਨ ਮਾਓ ਦੇ ਫ਼ਿਲਾਸਫ਼ੀ ਦੇ ਵਿਚਾਰਾਂ ਨਾਲ਼ ਲੈਸ ਕਰਨਾ ਜ਼ਰੂਰੀ ਹੈ ਤਾਂ ਕਿ ਮੁੱਖ ਅਤੇ ਹੋਰ ਝੁਕਾਵਾਂ ਬਾਰੇ, ਚੰਗੀ ਤੇ ਮਾੜੀ ਚੀਜ਼ ਬਾਰੇ, ਮਨ ਅਤੇ ਪਦਾਰਥ ਬਾਰੇ ਸਹੀ ਵਿਚਾਰ ਕਾਰਕੁੰਨ ਅਤੇ ਜਨਤਾ ਅੰਦਰ ਘਰ ਕਰ ਲੈਣ ਤੇ ਉਹ ਆਪ-ਆਪਣੇ ਪੈਰਾਂ ਤੇ ਖੜੇ ਹੋਣ, ਤੇ ਸਖ਼ਤ ਮਿਹਨਤ ਕਰਨ, ਮੁਸ਼ਕਲਾਂ ਨਾਲ਼ ਟੱਕਰ ਲੈਣ, ਅਤੇ ਜਿੱਤਾਂ ਪ੍ਰਾਪਤ ਕਰ ਲੈਣ ਦੇ ਉਹਨਾਂ ਦੇ ਇਰਾਦੇ ਤਕੜੇ ਹੋਣ। ਪਾਰਟੀ ਮੈਂਬਰਾਂ ਤੇ ਲੀਡਰਸ਼ਿਪ ਨੂੰ ਦੋ ਲੀਹਾਂ ਵਿਚਕਾਰ ਤਿੱਖੇ ਘੋਲ਼ ਸਮੇਂ ਲਾਜ਼ਮੀ ਮੂਹਰੇ ਆਉਣਾ ਚਾਹੀਦਾ ਹੈ।

ਪਰ ਗੁਆਂਢ ਦੇ ਮੁੱਠੀ ਭਰ ਜਮਾਤੀ ਦੁਸ਼ਮਣਾਂ ਨੇ ਪ੍ਰਧਾਨ ਮਾਓ ਦੀਆਂ ਰਚਨਾਵਾਂ ਦੀ ਘੋਖ਼ ਕਰਨ ਅਤੇ ਉਹਨਾਂ ਨੂੰ ਅਮਲਾਂ ਵਿੱਚ ਲਿਆਉਣ ਲਈ ਬਰਗੇਡ ਦੀ ਜਨਤਕ ਲਹਿਰ ਨੂੰ ਢਾਹ ਲਾਉਣੀ ਚਾਹੀ। ਉਹਨਾਂ ਦੁਸ਼ਮਣਾਂ ਵਿੱਚੋਂ ਇੱਕ ਨੇ ਕਿਹਾ "ਇਹ

ਦਾਅਵਾ ਕੀਤਾ ਗਿਆ ਸੀ ਕਿ ਬਰਗੇਡ ਵਿੱਚ ਜੂਆ ਅਤੇ ਸੱਟੇਬਾਜੀ ਨਹੀਂ ਹੁੰਦੀ। ਪਰ ਮੈਨੂੰ ਯਕੀਨ ਨਹੀਂ। ਹੁਣ ਚਿਆਂਗ ਜ਼ੂ-ਵਾਂਗ ਤੇ ਤਾਈ ਸਿਆਂਗ-ਮੀ ਵਰਗੇ ਸੱਤਾਧਾਰੀ ਲੋਕਾਂ ਨੂੰ ਆਪਣਾ ਮੂੰਹ ਸੰਭਾਲ਼ ਕੇ ਚੱਲਣਾ ਪਵੇਗਾ। ਮੈਂ ਚਿੰਨ ਚੀਅਨ ਵਿੱਚ ਕਦੇ ਜੂਆ ਖੇਡਣ ਨਹੀਂ ਗਿਆ ਪਰ ਹੁਣ ਮੈਂ ਜਾਵਾਂਗਾ ਅਤੇ ਹੱਥ ਅਜਮਾਈ ਕਰਾਂਗਾ।

ਇਹ ਮੁੱਠੀ ਭਰ ਜਮਾਤੀ ਦੁਸ਼ਮਣ ਜਿਹੜੇ ਸ਼ਰਾਬ ਪੀਂਦੇ ਰਹੇ ਹਨ, ਬਰਗੇਡ ਵਿੱਚ ਇੱਕ ਭੈੜੇ ਆਦਮੀ ਦੇ ਘਰ ਇਕੱਠੇ ਹੋਏ।

ਉਸੇ ਸ਼ਾਮ ਇੱਕ ਮੁੰਡੇ ਨੇ ਬਰਗੇਡ ਦੇ ਆਗੂ ਗਰੁੱਪ ਨੂੰ ਦੱਸਿਆ ਕਿ ਕਈ ਸ਼ਰਾਬੀ ਆਦਮੀ ਜਿਹੜੇ ਪਤਾ ਨਹੀਂ ਕਿੱਥੋਂ ਦੇ ਹਨ, ਉੱਥੇ ਜੂਆ ਖੇਡ ਰਹੇ ਸਨ। ਉਹ ਆਪਣੇ-ਆਪ ਨੂੰ ਅਖੌਤੀ "ਲੋਹੇ ਦੇ ਗੜ੍ਹ ਵਾਲ਼ੀ ਲੜਾਕੂ ਟੀਮ" ਦੇ ਮੈਂਬਰ ਦੱਸ ਰਹੇ ਸਨ।

ਜਮਾਤੀ ਦੁਸ਼ਮਣਾਂ ਵੱਲੋਂ ਇਹ ਇੱਕ ਵੰਗਾਰ ਸੀ। ਚਿਆਂਗ ਜ਼ੂ-ਵਾਂਙ ਤੇ ਉਸ ਦੇ ਸਾਥੀਆਂ ਨੇ ਵੰਗਾਰ ਨੂੰ ਕਬੂਲ ਕਰਨ ਅਤੇ ਇਹਨਾਂ ਜਮਾਤੀ ਦੁਸ਼ਮਣਾਂ ਨੂੰ ਪਛਾੜਣ ਦਾ ਇਰਾਦਾ ਬਣਾ ਲਿਆ। ਉਹਨਾਂ ਨੂੰ ਧੱੜਲੇ ਅਤੇ ਚੌਕਸੀ ਦੋਹਾਂ ਦੀ ਲੋੜ ਸੀ। ਘੋਖ਼-ਪੜਤਾਲ ਬਾਰੇ ਪ੍ਰਧਾਨ ਮਾਓ ਦੀ ਸਿੱਖਿਆ ਦੀ ਰੋਸ਼ਨੀ ਵਿੱਚ ਜ਼ੂ-ਵਾਂਙ ਨੇ ਬਰਗੇਡ ਦੇ ਕੁੱਝ ਮੈਂਬਰਾਂ ਨੂੰ ਹਾਲਤ ਦਾ ਜਾਇਜ਼ਾ ਲੈਣ ਲਈ ਭੇਜਿਆ। ਆਖ਼ਰ ਇਹ ਲੋਕ ਕੀ ਬਲਾ ਸਨ?

ਮੈਂਬਰ ਗਏ ਤੇ ਉਹਨਾਂ ਨੇ ਇੱਕ ਝਾਤ ਮਾਰੀ ਤੇ ਸ਼ਰਾਬੀ ਜੁਆਰੀਆਂ ਨੂੰ ਪਛਾਣ ਲਿਆ। ਨਿਰਖ਼ ਕਰਨ ਵਾਲਿਆਂ ਵਿੱਚੋਂ ਇੱਕ ਨੇ ਕਿਹਾ, "ਇਹਨਾਂ ਵਿੱਚੋਂ ਇੱਕ ਕਮਿਊਨ ਦੀ ਨਿਗਰਾਨੀ ਹੇਠ ਦੱਸਿਆ ਜਾਦਾਂ ਹੈ।" ਦੂਜੇ ਨੇ ਕਿਹਾ, "ਮੈਂ ਇਸ ਨੂੰ ਜਾਣਦਾ ਹਾਂ। ਇਹ ਇੱਥੋਂ ਪੰਜ ਕਿਲੋਮੀਟਰ ਦੂਰ ਦੇ ਪਿੰਡ ਦਾ ਬਦਮਾਸ਼ ਜੂਏਬਾਜ਼ ਹੈ।"

ਇਸ ਤਰ੍ਹਾਂ ਜੂਏਬਾਜ਼ਾਂ ਦਾ ਸਾਰਾ ਟੋਲਾ ਪਛਾਣਿਆ ਗਿਆ ਕਿ ਉਹ ਕੌਣ ਸਨ। ਬਰਗੇਡ ਦੇ ਆਗੂਆਂ ਨੇ ਲੋਕਾਂ ਨੂੰ ਘਰ ਦੁਆਲ਼ੇ ਘੇਰਾ ਘੱਤਣ ਲਈ ਕਿਹਾ ਅਤੇ ਛੇ ਸ਼ੱਕੀ ਆਦਮੀਆਂ ਨੂੰ ਬਾਹਰ ਲੈਆਂਦਾ ਗਿਆ ਅਤੇ ਮੌਕੇ 'ਤੇ ਹੀ ਇੱਕ ਸੰਘਰਸ਼ ਮੀਟਿੰਗ ਕੀਤੀ ਗਈ। ਜਨਤਾ ਦੀਆਂ ਖੋਜੀ ਨਜ਼ਰਾਂ ਹੇਠ ਮੁੜ੍ਹਕੋ-ਮੁੜ੍ਹਕੀ ਹੋਏ ਇਹਨਾਂ ਮੁੱਠੀ ਭਰ ਜਮਾਤੀ ਦੁਸ਼ਮਣਾਂ ਨੇ ਚੋਰੀ, ਸੱਟੇਬਾਜ਼ੀ ਤੇ ਭ੍ਰਿਸ਼ਟਾਚਾਰ ਦੀਆਂ ਮੁਰਜਮਾਨਾ ਕਾਰਗੁਜ਼ਾਰੀਆਂ ਤੇ ਦੋਸ਼ਾਂ ਦਾ ਇਕਬਾਲ ਕੀਤਾ।

ਪਰ ਜਮਾਤੀ ਦੁਸ਼ਮਣ ਬਾਜ਼ ਨਹੀਂ ਆਏ। ਚਿੰਨ ਚੀਅਨ ਬਰਗੇਡ ਦੀ ਕਿਸਾਨ ਜਨਤਾ ਦੇ ਇਸ ਹਮਲੇ ਤੋਂ ਡਰ ਕੇ ਉਹਨਾਂ ਨੇ ਅਫ਼ਵਾਹਾਂ ਫ਼ੈਲਾਈਆਂ ਕਿ ਉਹ ਗਿਣਤੀ ਵਿੱਚ ਕਿੰਨੇ ਜਿਆਦਾ ਸਨ ਅਤੇ ਚਿੰਨ ਚੀਅਨ ਬਰਗੇਡ ਨੂੰ ਹੂੰਝਾ ਫੇਰ ਦੇਣਗੇ ਅਤੇ ਚਿਆਂਗ ਜ਼ੂ-ਵਾਂਙ ਨਾਲ਼ ਨਜਿੱਠਣਗੇ। ਜ਼ੂ-ਵਾਂਙ ਦੀ ਪਤਨੀ ਇਸ ਗੱਲ ਤੋਂ ਬੜੀ ਚਿੰਤਾਤੁਰ ਹੋਈ। ਪਰ ਹੇਠਲੇ ਤੇ ਦਰਮਿਆਨੇ ਕਿਸਾਨਾਂ ਨੇ ਉਸ ਨੂੰ ਕਿਹਾ, "ਫ਼ਿਕਰ ਨਾ ਕਰੋ। ਅਸੀਂ ਸਾਰੇ ਉਸ ਦੇ ਨਾਲ਼ ਹਾਂ।" ਚਿਆਂਗ ਨੇ ਮਹਿਸੂਸ ਕੀਤਾ ਕਿ ਦੁਸ਼ਮਣਾਂ ਨਾਲ਼ ਲੜਾਈ, ਕੁਦਰਤ ਨਾਲ਼ ਲੜਾਈ ਨਾਲ਼ੋਂ ਪਹਿਲ ਲੈ ਗਈ ਤੇ ਉਸ ਨੂੰ ਦੁਸ਼ਮਣਾਂ ਨਾਲ਼ ਟੱਕਰ ਲੈਣ ਤੋਂ ਪਹਿਲਾਂ ਖ਼ੁਦਗਰਜੀ ਵਿਰੁੱਧ ਲੜਨਾ ਚਾਹੀਦਾ ਹੈ। ਇਹ ਸਖ਼ਤ ਇਮਤਿਹਾਨ ਦਾ ਵੇਲਾ ਹੈ। ਉਸ ਨੂੰ ਹੌਸਲਾ ਰੱਖਣਾ ਚਾਹੀਦਾ ਹੈ ਅਤੇ ਦੁਸ਼ਮਣਾਂ ਨੂੰ ਕਰੜੇ ਹੱਥੀਂ ਲੈਣਾ

ਚਾਹੀਦਾ ਹੈ। ਆਗੂ ਗਰੁੱਪ ਨੇ ਜਮਾਤੀ ਘੋਲ਼ ਬਾਰੇ ਚੇਅਰਮੈਨ ਮਾਓ ਦੀਆਂ ਸਿੱਖਆਵਾਂ ਦਾ ਪ੍ਰਚਾਰ ਕਰਨ ਦੇ ਜ਼ਰੀਏ ਦੁਸ਼ਮਣਾਂ ਦੀਆਂ ਚਾਲਾਂ ਦਾ ਪਰਦਾਫਾਸ਼ ਕਰਨ ਲਈ ਇੱਕ ਪ੍ਰਚਾਰ-ਟੋਲੀ ਜਥੇਬੰਦ ਕੀਤੀ। ਦੁਸ਼ਮਣ ਨੇ ਚਿਆਂਗ ਤੇ ਹੋਰਾਂ ਨੂੰ ਬਿਨ ਸਿਰਨਾਵਿਓਂ ਖ਼ਤ ਲਿਖੇ ਪਰ ਉਹਨਾਂ ਨੇ ਮੁੱਠੀ ਭਰ ਦੁਸ਼ਮਣਾਂ ਨੂੰ ਖੁੱਲ੍ਹੇ ਖ਼ਤਾਂ ਰਾਹੀਂ ਜੁਆਬ ਦਿੱਤਾ। ਕੁੱਝ ਸਮੇਂ ਬਾਅਦ ਇਹ ਮੁੱਠੀ ਭਰ ਦੁਸ਼ਮਣ ਡੇਰਾ ਚੱਕ ਕੇ ਲੈ ਗਏ ਚਿੰਕਿਆਂਗ ਤੇ ਕਿਆਂਗਸੀ ਸੂਬਿਆਂ ਵਿਚਕਾਰ ਬਾਰਡਰ ਉੱਤੇ ਮੰਡ ਵਿੱਚ ਲੁਕ ਗਏ। ਉਹਨਾਂ ਸੋਚਿਆ ਕਿ ਉਹ ਉੱਥੇ ਸੁਰੱਖਿਅਤ ਰਹਿਣਗੇ ਕਿਉਂਕਿ ਜੇ ਚਿੰਕਿਆਂਗ ਦੇ ਕਿਸਾਨ ਉਹਨਾਂ ਦਾ ਪਿੱਛਾ ਕਰਨ ਤਾਂ ਉਹ ਕਿਆਂਗਸੀ ਸੂਬੇ ਵਿੱਚ ਜਾ ਵੜਨ ਅਤੇ ਦਾਅਵਾ ਕਰ ਸਕਣ ਕਿ ਉਹ ਉੱਥੋਂ ਦੇ ਹੀ ਰਹਿਣ ਵਾਲੇ ਹਨ। ਜੇ ਕਿਆਂਗਸੀ ਦੇ ਲੋਕ ਉਹਨਾਂ ਦੇ ਪਿੱਛੇ ਪੈਣ ਤਾਂ ਉਹ ਆਪਣੀ ਕਹਾਣੀ ਅਤੇ ਰਾਹ ਇਸ ਦੇ ਉਲਟ ਬਣਾ ਕੇ ਦੱਸ ਸਕਦੇ ਹਨ। ਪਰ ਗੱਲ ਇੱਦਾਂ ਨਹੀਂ ਸੀ। ਚਿੰਨ ਚੀਅਨ ਦੀ ਇਨਕਲਾਬੀ ਜਨਤਾ ਨੇ ਦੂਸਰੇ ਬਰਗੇਡ ਦੇ ਗਰੀਬ ਤੇ ਹੇਠਲੇ ਕਿਸਾਨਾਂ ਦੀ ਮਦਦ ਨਾਲ਼ ਛੇਤੀ ਹੀ ਉਹਨਾਂ ਨੂੰ ਫੜ ਲਿਆ। ਉਹ ਸਿਰਫ਼ ਦਰਜਨ ਕੁ ਹੀ ਸਨ- ਸਮਾਜ ਦਾ ਮੁੱਠੀ ਭਰ ਗੰਦ "ਲੋਹੇ ਦੀ ਗੜ੍ਹ ਵਾਲੀ ਟੀਮ" ਦਾ ਮੁਖੌਟਾ ਪਹਿਨਿਆ ਹੋਇਆ ਸੀ ਜਿਹੜੇ ਜਨਤਾ ਵੱਲੋਂ ਆਪਣਾ ਇਕੱਠ ਬੰਨ੍ਹ ਕੇ ਉਹਨਾਂ ਵਿਰੁੱਧ ਲੜਾਈ ਵਿੱਢਦਿਆਂ ਹੀ ਢਹਿ ਢੇਰੀ ਹੋ ਗਏ।

## ਵੱਡੀ ਦਲੀਲ ਅਤੇ ਸਖ਼ਤ ਘੋਲ਼

ਚਿਆਂਗ ਜ਼ੂ-ਵਾਂਙ ਅਤੇ ਬਰਗੇਡ ਦੇ ਆਗੂ ਗਰੁੱਪ ਦੇ ਹੋਰਨਾਂ ਬੰਦਿਆਂ ਨੇ ਜਮਾਤੀ ਦੁਸ਼ਮਣਾਂ ਉੱਤੇ ਇਸ ਫ਼ਤਿਹ ਤੋਂ ਪਿੱਛੋਂ ਅੱਗੇ ਵੱਧਣ ਦਾ ਇਰਾਦਾ ਕੀਤਾ। ਉਹਨਾਂ ਨੇ ਬਰਗੇਡ ਮੈਂਬਰਾਂ ਨੂੰ ਕੁਦਰਤ ਦੇ ਖਿਲਾਫ਼ ਉਸੇ ਇਨਕਲਾਬੀ ਜੋਸ਼ ਨਾਲ਼ ਲੜਨ ਦੀ ਤਿਆਰੀ ਕਰਨ ਲਈ, ਜਿਸ ਨਾਲ਼ ਉਹ ਜਮਾਤੀ ਦੁਸ਼ਮਣਾਂ ਦੇ ਵਿਰੁੱਧ ਲੜੇ ਸਨ, ਚੇਅਰਮੈਨ ਮਾਓ ਦੇ ਫ਼ਿਲਾਸਫ਼ੀ ਦੇ ਸੰਕਲਪਾਂ ਦੀ ਇਕੱਠਿਆਂ ਘੋਖ਼ ਕਰਨ ਵਾਸਤੇ ਕਿਹਾ। ਮੀਟਿੰਗ ਵਿੱਚ ਸਾਰਿਆਂ ਨੇ ਜਮਾਤੀ ਦੁਸ਼ਮਣਾਂ ਵਿਰੁੱਧ ਘੋਲ਼ ਨੂੰ ਅਤੇ ਇਹ ਕਿ ਕਿਵੇਂ ਉਹਨਾਂ ਨੇ ਦੁਸ਼ਮਣਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਸੀ, ਬੜੇ ਜੋਸ਼ ਨਾਲ਼ ਵਿਚਾਰਿਆ। ਇੱਕ ਨੇ ਕਿਹਾ ਉਹਨਾਂ ਗੁੰਡਿਆਂ ਨੂੰ ਕਿਆ ਚੰਗਾ ਸਬਕ ਸਿਖਾਇਆ ? ਜਦ ਉਹਨਾਂ ਨੇ ਬਰਗੇਡ ਦੀ ਹਾਲਤ ਬਾਰੇ ਗੱਲ ਕੀਤੀ ਤਾਂ ਕਈਆਂ ਨੇ ਕੁਦਰਤੀ ਮੁਸ਼ਕਲ ਉੱਤੇ ਕਾਬੂ ਪਾਉਣ ਤੋਂ ਬੇ-ਭਰੋਸਗੀ ਜ਼ਾਹਿਰ ਕੀਤੀ।

ਚਿਆਂਗ-ਚੀਨ-ਵੈਨ, ਜਿਹੜਾ ਬਰਗੇਡ ਵਿੱਚ ਚੇਅਰਮੈਨ ਮਾਓ ਦੀਆਂ ਰਚਨਾਵਾਂ ਸਿਖਾਉਣ ਵਾਲ਼ਾ ਅਧਿਆਪਕ ਸੀ, ਉੱਠਿਆ ਤੇ ਮਾਓ ਦੀ ਇਹ ਸਿੱਖਿਆ ਪੜ੍ਹ ਕੇ ਸੁਣਾਈ : "**ਜਿਸ ਤਰੀਕੇ ਨਾਲ਼ ਇਹ ਸਾਥੀ ਸਮੱਸਿਆਵਾਂ ਨੂੰ ਲੈਂਦੇ ਹਨ, ਉਹ ਗਲ਼ਤ ਹੈ। ਉਹ ਮੂਲ ਜਾਂ ਮੁੱਖ ਪੱਖਾਂ ਨੂੰ ਨਹੀਂ ਵੇਖਦੇ, ਦੋਮ ਜਾਂ ਨਿੱਕੇ ਪੱਖਾਂ 'ਤੇ ਜ਼ੋਰ ਦਿੰਦੇ ਹਨ।**"

ਫਿਰ ਅਧਿਆਪਕ ਨੇ ਕਿਹਾ, "ਮੇਰਾ ਖਿਆਲ਼ ਹੈ ਕਿ ਕੁੱਝ ਸਾਥੀ ਛੋਟੇ ਪੱਖਾਂ ਉੱਤੇ ਧਿਆਨ ਕੇਂਦਰਤ ਕਰ ਰਹੇ ਹਨ। ਸਾਨੂੰ ਸਮੁੱਚਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ,

ਹਾਲਤ ਨੂੰ ਸਮੁੱਚੇ ਤੌਰ ਉੱਤੇ ਵਾਚਣਾ ਚਾਹੀਦਾ ਹੈ। ਮਿਸਾਲ ਦੇ ਤੌਰ ਤੇ ਸਾਡੇ ਕੋਲ਼ ਮਾਓ ਦੀਆਂ ਚੋਣਵੀਆਂ ਰਚਨਾਵਾਂ ਦੀਆਂ ਚਾਰ ਜਿਲਦਾਂ ਹਨ, ਪਰ ਪ੍ਰਧਾਨ ਮਾਓ ਦੀਆਂ ਟੂਕਾਂ ਦੀ ਇੱਕ ਕਾਪੀ ਵੀ ਨਹੀਂ। ਅਸੀਂ ਟੂਕਾਂ ਲਿਖਣ ਵਿੱਚ ਕਾਫ਼ੀ ਸਮਾਂ ਖ਼ਰਚ ਕੀਤਾ ਹੈ ਪਰ ਹੁਣ ਸਾਡੇ ਸਾਰਿਆਂ ਕੋਲ਼ ਪ੍ਰਧਾਨ ਮਾਓ ਦੀਆਂ ਕਿਤਾਬਾਂ ਹਨ ਅਤੇ ਇਸ ਤੋਂ ਪਹਿਲਾਂ ਕਦੇ ਵੀ ਮਾਓ ਵਿਚਾਰਧਾਰਾ ਨੂੰ ਏਨੀਂ ਵੱਡੀ ਪੱਧਰ ਤੇ ਨਹੀਂ ਸੀ ਫ਼ੈਲਾਇਆ ਗਿਆ। ਕੀ ਹਾਲਤ ਹੌਸਲਾ ਵਧਾਊ ਨਹੀਂ ਹੈ?" ਕਿਸੇ ਨੇ ਕਿਹਾ, "ਇਹ ਗੱਲ ਠੀਕ ਹੈ, ਜਨਤਾ ਲਾਮਬੰਦ ਹੋ ਗਈ ਹੈ ਅਤੇ ਲਿਊ ਸ਼ਾਓ-ਚੀ ਨੂੰ ਉਲਟਾ ਦਿੱਤਾ ਗਿਆ ਹੈ, ਹਾਲਾਤ ਵਾਕਿਆ ਹੀ ਸ਼ਾਨਦਾਰ ਹਨ।"

ਚਿਆਂਗ ਚੀਨ-ਵੈਨ ਨੇ ਗੱਲ ਜ਼ਾਰੀ ਰੱਖੀ, "ਵੈਸੇ ਜਮਾਤੀ ਦੁਸ਼ਮਣਾਂ ਦਾ ਸਾਹਮਣੇ ਆਉਣਾ ਕੋਈ ਬੁਰੀ ਗੱਲ ਨਹੀਂ ਸੀ, ਸਗੋਂ ਚੰਗੀ ਗੱਲ ਸੀ, ਜਿਸ ਨੂੰ ਅਸੀਂ ਸਿੱਧ ਕੀਤਾ ਹੈ। ਅਸੀਂ ਸ਼ੈਤਾਨ ਨੂੰ ਵਾਰੀ-ਵਾਰੀ ਸਬਕ ਸਿਖਾਇਆ ਹੈ ਅਤੇ ਘੋਲ਼ ਵਿੱਚੋਂ ਤਪ-ਤਪਾ ਕੇ ਨਿਕਲੇ ਹਾਂ।"

ਦਿਨ ਭਰ ਦੀ ਬਹਿਸ ਤੋਂ ਬਾਅਦ ਬਰਗੇਡ-ਮੈਂਬਰਾਂ ਨੂੰ ਆਮ ਹਾਲਾਤ ਦੀ ਸਮਝ ਸਾਫ਼ ਹੋਣ ਲੱਗੀ। ਫ਼ੇਰ ਉਹ ਮੌਜੂਦਾ ਮੁਸ਼ਕਲਾਂ 'ਤੇ ਕਾਬੂ ਪਾਉਣ ਦੇ ਸਵਾਲ ਵੱਲ ਹੋਏ।

ਇੱਕ ਪੁਰਾਣਾ ਉਤਪਾਦਕ ਟੋਲੀ ਆਗੂ ਉੱਠਿਆ, ਉਸ ਦੇ ਹੱਥ ਵਿੱਚ ਹੁੱਕਾ ਸੀ ਤੇ ਉੱਚੀ-ਉੱਚੀ ਕਹਿਣ ਲੱਗਾ, "ਮੈਂ ਕਹਿਨਾ ਸਾਨੂੰ ਅਜੇ ਵੀ ਰਾਜਨੀਤੀ ਨੂੰ ਕਮਾਨ ਵਿੱਚ ਰੱਖਣਾ ਚਾਹੀਦਾ ਹੈ। ਜਦੋਂ 1964 ਵਿੱਚ ਫ਼ਸਲਾਂ ਨੂੰ ਕੀੜੇ ਲੱਗ ਗਏ ਸਨ ਉਦੋਂ ਦੀਆਂ ਦੂਜੀਆਂ ਉਤਪਾਦਕ ਟੋਲੀਆਂ ਦਾ ਬਹੁਤ ਘੱਟ ਨੁਕਸਾਨ ਹੋਇਆ ਸੀ, ਜਦੋਂ ਕਿ ਸਾਡੀ ਟੋਲੀ ਨੇ ਕੋਸ਼ਿਸ਼ਾਂ ਢਿੱਲੀਆਂ ਕਰ ਦਿੱਤੀਆਂ ਸਨ ਅਤੇ ਮਨੁੱਖੀ ਮਿਹਨਤ ਨੂੰ ਪੂਰੀ ਤਰ੍ਹਾਂ ਵਰਤੋਂ ਵਿੱਚ ਨਾ ਵਿੱਚ ਲਿਆਂਦਾ ਗਿਆ, ਇਸ ਕਰਕੇ ਸਾਨੂੰ ਝੋਨੇ ਦੀ ਫ਼ਸਲ ਦਾ ਬਹੁਤ ਨੁਕਸਾਨ ਹੋਇਆ। ਸਾਨੂੰ ਰਾਜਨੀਤੀ ਨੂੰ ਜ਼ਰੂਰ ਹੀ ਕਮਾਨ ਵਿੱਚ ਰੱਖਣਾ ਚਾਹੀਦਾ ਹੈ।"

ਤਾਈ ਸਿਆਂਗ-ਮੀ ਨੇ ਬਰਗੇਡ ਦਾ ਸਰਵੇਖਣ ਕੀਤਾ ਤੇ ਕਿਹਾ, "ਇਹ ਜਗ੍ਹਾ ਗਰੀਬੀ ਦੀ ਮਾਰੀ ਹੋਈ ਹੁੰਦੀ ਸੀ ਅਤੇ ਇਹ ਇੱਕ ਮਾੜੀ ਗੱਲ ਸੀ; ਪਰ ਗਰੀਬੀ ਤਬਦੀਲੀ ਦੀ ਇੱਛਾ ਪੈਦਾ ਕਰਦੀ ਹੈ। ਸਖ਼ਤ ਮਿਹਨਤ ਤੇ ਇਨਕਲਾਬ ਕਰਨ ਤੋਂ ਪਿੱਛੋਂ ਅਸੀਂ ਸਾਲ ਦਰ ਸਾਲ ਚੰਗੀਆਂ ਫ਼ਸਲਾਂ ਹਾਸਲ ਕੀਤੀਆਂ ਸਨ ਅਤੇ ਪਛੜੇਵੇਂ ਦਾ ਅੰਤ ਕਰ ਦਿੱਤਾ ਹੈ ਪਰ ਅਸੀਂ ਸੁਸਤ ਹੋ ਗਏ ਅਤੇ ਪਾਣੀ ਜਮ੍ਹਾਂ ਕਰਨ ਦੀ ਉਸਾਰੀ ਨੂੰ ਅੱਖੋਂ-ਪਰੋਖੇ ਕਰ ਦਿੱਤਾ ਅਤੇ ਹੁਣ ਅਸੀਂ ਇਸ ਦਾ ਖਾਮਿਆਜ਼ਾ ਭੁਗਤ ਰਹੇ ਹਾਂ। ਇਸ ਮਾਮਲੇ ਵਿੱਚ ਅਸੀਂ ਚੰਗੀ ਨੂੰ ਬੁਰੀ ਵਿੱਚ ਬਦਲ ਦਿੱਤਾ ਹੈ।" ਉਸ ਨੇ ਕਰੜੇ ਸ਼ਬਦਾਂ ਵਿੱਚ ਗੱਲ ਜ਼ਾਰੀ ਰੱਖਦਿਆਂ ਕਿਹਾ, "ਸਾਡੀ ਅੱਜ ਦੀ ਬਹਿਸ ਦਾ ਨਿਸ਼ਾਨਾ ਇਸ ਬੁਰੀ ਚੀਜ਼ ਨੂੰ ਮੁੜ ਚੰਗੀ ਵਿੱਚ ਬਦਲਣਾ ਹੈ।"

ਅਧਿਆਪਕ ਨੇ ਫਿਰ ਚੇਅਰਮੈਨ ਮਾਓ ਦੀਆਂ ਸਿੱਖਿਆਵਾਂ ਦਾ ਅਧਿਐਨ ਕਰਨ ਵਿੱਚ ਗਰੀਬ ਤੇ ਹੇਠਲੇ-ਦਰਮਿਆਨੇ ਕਿਸਾਨਾਂ ਦੀ ਅਗੁਵਾਈ ਕੀਤੀ ਤੇ ਦੱਸਿਆ,

**"ਸਾਨੂੰ ਸਮੱਸਿਆਵਾਂ ਨੂੰ ਸਾਰੇ ਪੱਖਾਂ ਤੋਂ ਦੇਖਣ ਦੀ ਜਾਂਚ ਸਿੱਖਣੀ ਚਾਹੀਦੀ ਹੈ, ਚੀਜ਼ਾਂ ਦੇ ਸਾਹਮਣੇ ਵਾਲ਼ੇ ਤੇ ਲੁਕਵੇਂ ਪਾਸੇ ਵੇਖਣੇ ਚਾਹੀਦੇ ਹਨ। ਹਾਸਲ ਹਾਲਤਾਂ ਵਿੱਚ ਇੱਕ ਬੁਰੀ ਚੀਜ਼ ਚੰਗੇ ਸਿੱਟੇ ਕੱਢ ਸਕਦੀ ਹੈ ਅਤੇ ਚੰਗੀ ਚੀਜ਼ ਬੁਰੇ।"** ਚਿਆਂਗ ਜ਼ੂ-ਵਾਂਙ ਨੇ ਇਸ ਦੀ ਵਿਆਖਿਆ ਸਥਾਨਕ ਹਾਲਤਾਂ ਦੀ ਰੌਸ਼ਨੀ ਵਿੱਚ ਸਮਝਾਈ।

ਭਰੋਸੇ ਨਾਲ਼ ਭਰਪੂਰ ਬਰਗੇਡ ਮੈਂਬਰਾਂ ਨੇ ਜਾਣ ਲਿਆ ਕਿ ਉਹਨਾਂ ਦੀਆਂ ਸਮੱਸਿਆਵਾਂ ਠੀਕ ਹੀ ਵੱਡੀਆਂ ਸਨ : ਪਾਣੀ ਸੁੱਕ ਚੁੱਕਾ ਸੀ, ਧਰਤੀ ਡਾਕਰ ਹੋ ਚੁੱਕੀ ਸੀ ਤੇ ਝੋਨੇ ਦੀ ਪਨੀਰੀ ਮੁਰਝਾ ਚੁੱਕੀ ਸੀ। ਤਾਂ ਵੀ, ਭਾਂਵੇ ਸੋਕੇ ਨੇ ਲੋਕਾਂ ਨੂੰ ਨੁਕਸਾਨ ਪਹੁੰਚਾਇਆ ਸੀ ਪਰ ਉਹਨਾਂ ਨੂੰ ਇਮਤਿਹਾਨ ਵਿੱਚ ਵੀ ਪਾਇਆ ਸੀ। ਇਹ ਭੌਂਇੰ ਵਾਂਗ ਹੀ ਸੀ। ਇੱਕ ਪਾਸੇ ਇਹ ਧੁੱਪ ਨਾਲ਼ ਸਖ਼ਤ ਹੋ ਗਈ ਸੀ; ਦੂਜੇ ਪਾਸੇ ਇਹ ਵਿਹਲੀ ਪਈ ਰਹਿਣ ਕਰਕੇ ਉਪਜਾਊ ਹੋ ਗਈ ਸੀ। ਹਾਸਲ ਹਾਲਤਾਂ ਵਿੱਚ ਬੁਰੀ ਚੀਜ਼, ਚੰਗੀ ਚੀਜ਼ ਵਿੱਚ ਅਤੇ ਨੁਕਸਾਨ, ਲਾਭਾਂ ਵਿੱਚ ਬਦਲੇ ਜਾ ਸਕਦੇ ਹਨ। ਜਿੰਨਾ ਚਿਰ ਗਰੀਬ ਤੇ ਹੇਠਲੇ ਦਰਮਿਆਨੇ-ਕਿਸਾਨ ਪ੍ਰਧਾਨ ਮਾਓ ਦੀਆਂ ਸਿੱਖਿਆਵਾਂ 'ਤੇ ਚੱਲਦੇ ਰਹਿਣਗੇ ਤੇ ਇਕੱਠੇ ਰਹਿਣਗੇ ਉਹ ਨਾ ਸਿਰਫ਼ ਜਮਾਤੀ ਦੁਸ਼ਮਣਾਂ ਉੱਤੇ, ਸਗੋਂ ਕੁਦਰਤੀ ਤਬਾਹੀਆਂ ਉੱਤੇ ਵੀ ਕਾਬੂ ਪਾ ਲੈਣਗੇ।

ਇਸ ਤੋਂ ਪਿੱਛੋਂ ਇਨਕਲਾਬੀ ਜਨਤਕ ਨੁਕਤਾਚੀਨੀ ਸ਼ੁਰੂ ਹੋ ਗਈ। ਗਰੀਬ ਤੇ ਹੇਠਲੇ-ਦਰਮਿਆਨੇ ਕਿਸਾਨਾਂ ਨੇ ਦੱਸਿਆ ਕਿ ਮੁਸ਼ਕਲਾਂ ਵੱਲ ਦੋ ਵੱਖੋ-ਵੱਖਰੇ ਰਵੱਈਏ ਅਸਲ ਵਿੱਚ ਦੋ ਸੰਸਾਰ ਦ੍ਰਿਸ਼ਟੀਕੋਣਾਂ ਦਾ ਤੇ ਦੋ ਲੀਹਾਂ ਵਿਚਕਾਰ ਘੋਲ਼ਾਂ ਦਾ ਅਕਸ ਸਨ। ਦੋਸਤਾਂ ਮਿੱਤਰਾਂ ਤੇ ਰਿਸ਼ਤੇਦਾਰਾਂ ਕੋਲ਼ ਸਹਾਇਤਾ ਲਈ ਬਾਹਰ ਜਾਣਾ ਜਾਂ ਸਰਕਾਰੀ ਮਦਦ ਦੀ ਝਾਕ ਰੱਖਣੀ ਮੁਸ਼ਕਲ ਦਾ ਕੋਈ ਹੱਲ ਨਹੀਂ ਸੀ। ਮੁਸ਼ਕਲਾਂ 'ਤੇ ਕਾਬੂ ਪਾਉਣ ਤੇ ਬੁਰੀਆਂ ਚੀਜ਼ਾਂ ਨੂੰ ਚੰਗੀਆਂ ਵਿੱਚ ਢਾਲਣ ਦਾ ਇੱਕੋ-ਇੱਕ ਸਹੀ ਤਰੀਕਾ ਸਮੂਹ ਉੱਤੇ ਟੇਕ ਰੱਖਣ ਵਿੱਚ ਅਤੇ ਆਪਣੇ ਪੈਰਾਂ ਉੱਤੇ ਆਪ ਖੜ੍ਹੇ ਹੋਣ ਦੀ ਭਾਵਨਾ ਸਖ਼ਤ ਮਿਹਨਤ ਕਰਨ ਵਿੱਚ ਸੀ।

ਲਗਾਤਾਰ ਤਿੰਨ ਦਿਨਾਂ ਤੇ ਰਾਤਾਂ ਦੀ ਘੋਖ਼-ਪੜਤਾਲ ਤੇ ਵਿਚਾਰ-ਵਟਾਂਦਰੇ ਤੋਂ ਪਿੱਛੋਂ ਬਰਗੇਡ ਮੈਂਬਰਾਂ ਦੀ ਸੋਚਣੀ ਚੇਅਰਮੈਨ ਮਾਓ ਦੇ ਫ਼ਿਲਾਸਫ਼ੀ ਦੇ ਸੰਕਲਪਾਂ ਦੁਆਲ਼ੇ ਇੱਕਮਤ ਹੋ ਗਈ ਤੇ ਅਗਲੇ ਦਿਨ ਸਵੇਰੇ ਹੀ ਉਹਨਾਂ ਨੇ ਇੱਕ ਫੱਟਾ ਲਾ ਦਿੱਤਾ ਜਿਸ ਉੱਤੇ ਪ੍ਰਧਾਨ ਮਾਓ ਦੀ ਇਹ ਸਿੱਖਿਆ ਲਿਖੀ ਹੋਈ ਸੀ, **"ਦ੍ਰਿੜ ਰਹੋ, ਕਿਸੇ ਕਿਸਮ ਦੀ ਕੁਰਬਾਨੀ ਤੋਂ ਨਾ ਘਬਰਾਓ ਅਤੇ ਜਿੱਤ ਪ੍ਰਾਪਤ ਕਰਨ ਲਈ ਹਰ ਮੁਸ਼ਕਲ ਉੱਤੇ ਕਾਬੂ ਪਾ ਲਓ।"** ਕੁਦਰਤ ਵਿਰੁੱਧ ਜੂਝਣ ਲਈ ਉਹਨਾਂ ਨੇ ਕਹੀਆਂ, ਵਹਿੰਗੀਆਂ ਤੇ ਘੜੇ ਚੁੱਕ ਲਏ। ਜ਼ਮੀਨ ਹਲਾਂ ਨਾਲ਼ ਨਹੀਂ ਵਾਹੀ ਜਾ ਸਕਦੀ ਸੀ। ਉਹਨਾਂ ਨੇ ਕਹੀਆਂ ਨਾਲ਼ ਪੁੱਟ ਸੁੱਟੀ। ਉਹਨਾਂ ਨੇ ਸਿਰਾਂ ਉੱਤੇ ਘੜੇ ਚੁੱਕੇ ਦੂਰੋਂ ਪਾਣੀ ਢੋਇਆ। ਚਿਆਂਗ ਜ਼ੂ-ਵਾਂਙ ਤੇ ਤਾਈ ਸਿਆਂਗ-ਮੀ ਵਰਗੇ ਆਗੂ ਕਾਰਕੁੰਨ ਸਵਖ਼ਤੇ ਉੱਠਦੇ ਤੇ ਸਭ ਤੋਂ ਮਗਰੋਂ ਘਰਾਂ ਨੂੰ ਮੁੜਦੇ ਅਤੇ ਹਮੇਸ਼ਾ ਬਰਗੇਡ ਮੈਂਬਰਾਂ ਨੂੰ ਹੱਲਾਸ਼ੇਰੀ ਦਿੰਦੇ ਰਹਿੰਦੇ। ਉਹ ਕਹਿੰਦੇ, "ਸੋਕੇ ਵਿਰੁੱਧ ਲੜਨ ਲਈ ਜਦੋਂ ਅਸੀਂ ਪਾਣੀ ਢੋਂਦੇ ਹਾਂ ਤਾਂ ਅਸੀਂ ਚੇਅਰਮੈਨ ਮਾਓ ਦੀ ਇਨਕਲਾਬੀ ਲੀਹ ਉੱਤੇ ਚੱਲ ਰਹੇ ਹੁੰਦੇ ਹਾਂ। ਜੇ ਅਸੀਂ ਇਸ ਉੱਤੇ ਡੱਟੇ ਰਹੀਏ ਤਾਂ ਜਿੱਤ

ਸਾਡੀ ਹੀ ਹੋਵੇਗੀ।" ਦੋ ਹਫ਼ਤਿਆਂ ਦੇ ਸਖ਼ਤ ਘੋਲ਼ ਤੋਂ ਬਾਅਦ ਸਾਰੀ ਧਰਤੀ ਕਣਕ ਦੀਆਂ ਗੋਭਾਂ ਨਾਲ਼ ਢਕੀ ਗਈ ਸੀ।

ਇੱਕ ਵਾਰ ਜਦ ਕਿਸਾਨ ਪੈਲ਼ੀਆਂ ਵਿੱਚ ਫ਼ਿਲਾਸਫ਼ੀ ਪੜ੍ਹ ਰਹੇ ਸਨ ਤਾਂ ਚਿਆਂਗ ਜ਼ੂ-ਵਾਂਙ ਨੇ ਪੁੱਛਿਆ, "ਇਹ ਹਰੀਆਂ ਗੋਭਾਂ ਕਿੱਥੋਂ ਆ ਗਈਆਂ?"

ਤੀਜੀ ਉਤਪਾਦਨ ਟੋਲੀ ਦੇ ਇੱਕ ਕਾਰਕੁੰਨ ਨੇ ਜਵਾਬ ਦਿੱਤਾ, "ਇਹ ਸਵੈ-ਨਿਰਭਰਤਾ ਤੇ ਮਿਹਨਤ ਕਰਨ ਦੀਆਂ ਚੇਅਰਮੈਨ ਮਾਓ ਦੀਆਂ ਸਿੱਖਿਆਵਾਂ ਦੀ ਸਾਡੀ ਤਾਲੀਮ ਕਰਨ ਦਾ ਫ਼ਲ ਹੈ।"

ਨੌਂਵੀ ਟੋਲੀ ਦੇ ਆਗੂ ਨੇ ਕਿਹਾ, "ਇਹ ਚੇਅਰਮੈਨ ਮਾਓ ਦੀਆਂ ਫ਼ਲਸਫ਼ੇ ਦੀਆਂ ਰਚਨਵਾਂ ਦੀ ਸਾਡੀ ਤਾਲੀਮ ਤੇ ਸਾਡੀ ਮਿਹਨਤ ਦਾ ਫ਼ਲ ਹਨ।"

ਚਿਆਂਗ ਜ਼ੂ-ਵਾਂਙ ਨੇ ਗੱਲ ਦਾ ਨਿਚੋੜ ਦੱਸਿਆ, "ਹਾਂ, ਪ੍ਰਧਾਨ ਮਾਓ ਦੇ ਫ਼ਿਲਾਸਫ਼ੀ ਦੇ ਵਿਚਾਰਾਂ ਨੇ ਕੁਦਰਤ ਉੱਤੇ ਫਤਿਹ ਪਾਉਣ ਵਿੱਚ ਸਾਡੀਆਂ ਕੋਸ਼ਿਸ਼ਾਂ ਨੂੰ ਸੇਧ ਦਿੰਦਿਆਂ ਇੱਕ ਡਾਕਰ ਭੌਂਇ ਤੇ ਇੱਕ ਚੰਗੀ ਫ਼ਸਲ ਉਗਾਈ ਹੈ। ਇਹੋ ਗੱਲ ਹੈ ਜਿਸ ਦੀ ਚੇਅਰਮੈਨ ਮਾਓ ਸਿੱਖਿਆ ਦਿੰਦਾ ਹੈ, '**ਪਦਾਰਥ ਤੋਂ ਚੇਤੰਨਤਾ ਅਤੇ ਚੇਤੰਨਤਾ ਤੋਂ ਮੁੜ ਪਦਾਰਥ ਵੱਲ ਮੋੜਾ**।' ਜਦ ਇੱਕ ਵਾਰ ਅਸੀਂ ਮਾਓ ਵਿਚਾਰਧਾਰਾ ਨਾਲ਼ ਲੈਸ ਹੋ ਜਾਂਦੇ ਹਾਂ ਤਾਂ ਇਸ ਦਾ ਨਤੀਜਾ ਅਥਾਹ ਪਦਾਰਥਕ ਸ਼ਕਤੀ ਵਿੱਚ ਨਿਕਲਦਾ ਹੈ।"

ਕਿਸਾਨਾਂ ਨੂੰ ਹੁਣ ਸਮਝ ਪਈ, "ਉਹ! ਤਾਂ ਇਸੇ ਨੂੰ ਹੀ ਚੇਤੰਨਤਾ ਤੋਂ ਪਦਾਰਥ ਵੱਲ ਜਾਣਾ ਕਹਿੰਦੇ ਹਨ।" ਕਈਆਂ ਨੇ ਇਹ ਗੱਲ ਪਹਿਲੋਂ ਸੁਣੀ ਹੋਈ ਸੀ ਪਰ ਇਸ ਨੂੰ ਅਮਲ ਵਿੱਚ ਸਮਝ ਨਹੀਂ ਸਨ ਸਕੇ। ਹੁਣ ਉਹਨਾਂ ਨੂੰ ਇਸ ਗੱਲ ਦਾ ਅਹਿਸਾਸ, ਆਪਣੀ ਬੀਜੀ ਫ਼ਸਲ ਰਾਹੀਂ ਤੇ ਕੁਦਰਤ ਵਿਰੁੱਧ ਲੜਾਈ ਰਾਹੀਂ ਹੋ ਗਿਆ ਸੀ।

ਸੋਕੇ ਵਿਰੁੱਧ ਲੜਦਿਆਂ ਦੋ ਲੀਹਾਂ ਵਿਚਕਾਰ ਚੱਲੇ ਘੋਲ਼ ਦੌਰਾਨ ਗਰੀਬ ਤੇ ਹੇਠਲੇ-ਦਰਮਿਆਨੇ ਕਿਸਾਨਾਂ ਨੂੰ ਫ਼ਿਲਾਸਫ਼ੀ ਦੇ ਅਜਿਹੇ ਸੰਕਲਪਾਂ ਦਾ ਪਤਾ ਲੱਗਾ ਜਿਵੇਂ, ਕਿਸੇ ਚੀਜ਼ ਦਾ ਭਾਰੂ ਤੇ ਕਮਜ਼ੋਰ ਪੱਖ, ਚੰਗੀ ਚੀਜ਼ ਦਾ ਮਾੜੀ ਵਿੱਚ ਬਦਲਣਾ ਤੇ ਮਾੜੀ ਦਾ ਚੰਗੀ ਵਿੱਚ, ਪਦਾਰਥ ਤੋਂ ਚੇਤੰਨਤਾ ਤੇ ਚੇਤੰਨਤਾ ਤੋਂ ਮੁੜ ਪਦਾਰਥ ਵੱਲ ਆਉਣਾ।

ਫ਼ਿਲਾਸਫ਼ੀ ਦੇ ਅਧਿਐਨ ਲਈ ਜਨਤਕ ਲਹਿਰ ਦਾ ਇੱਕ ਨਵਾਂ ਉਭਾਰ ਡੂੰਘਾਈ ਵਿੱਚ ਉੱਠ ਰਿਹਾ ਸੀ।

## "ਸਾਡੇ ਕੋਲ਼ ਰੂਹਾਨੀ ਐਟਮ ਹੈ"

1967 ਦੇ ਸਿਆਲ ਵਿੱਚ ਬਰਗੇਡ ਦੀ ਪਾਰਟੀ ਸ਼ਾਖ਼ਾ ਨੇ ਫ਼ੈਸਲਾ ਕੀਤਾ ਕਿ ਸੂ ਤੁਗ ਪਾਣੀ ਦੇ ਹੌਜ਼ ਨੂੰ ਹੋਰ ਵੱਡਾ ਕੀਤਾ ਜਾਵੇ। ਹੌਜ਼ ਦੀ ਉਸਾਰੀ ਸੱਭਿਆਚਾਰਕ ਇਨਕਲਾਬ ਤੋਂ ਪਹਿਲਾਂ ਦੀ ਸ਼ੁਰੂ ਹੋਈ ਸੀ, ਪਰ ਕੰਮ ਬਹੁਤ ਹੀ ਸਹਿਜੇ ਚੱਲ ਰਿਹਾ ਸੀ। ਕਿਉਂਕਿ ਲੀਡਰਸ਼ਿਪ ਨੇ ਸਾਰਾ ਧਿਆਨ ਜ਼ਮੀਨ ਨੂੰ ਵਾਹੁਣ ਰਾਹੀਂ ਹਾਸਲ ਹੋਏ ਨਤੀਜਿਆਂ ਵੱਲ ਹੀ ਲਗਾਈ ਰੱਖਿਆ ਤੇ ਮਨੁੱਖੀ ਸੋਚ ਨੂੰ ਗ੍ਰਹਿਣ ਅਤੇ ਪ੍ਰੋਲੇਤਾਰੀ ਰਾਜਨੀਤੀ ਨੂੰ ਕਮਾਂਡ ਵਿੱਚ ਰੱਖਣ ਵਿੱਚ ਅਸਫ਼ਲ ਰਹੀ। ਵਾਧੇ ਦੀ ਗੱਲ ਇਹ ਇਹਨਾਂ ਨੇ "ਤਨਖਾਹਾਂ

ਨੂੰ ਕਮਾਂਡ ਵਿੱਚ ਰੱਖਣ" ਰਾਹੀਂ ਕੰਮ ਤੇਜ਼ ਕਰਨ ਦਾ ਯਤਨ ਕੀਤਾ। ਇਸ ਲਈ ਕੰਮ ਵਾਲ਼ੀ ਥਾਂ ਉੱਤੇ ਤਨਖਾਹਾਂ ਵਾਲ਼ੇ ਝਗੜੇ ਖੜੇ ਹੋ ਗਏ। ਸੱਤ ਸਾਲਾਂ ਬਾਅਦ ਵੀ ਤਲਾਅ ਦੀ ਸਮੱਰਥਾ ਸਿਰਫ਼ 80,000 ਘਣ ਮੀਟਰ ਸੀ। ਬਰਗੇਡ ਪਾਰਟੀ ਸ਼ਾਖਾ ਕਮੇਟੀ ਦੇ ਮੈਂਬਰਾਂ ਨੇ ਪ੍ਰਧਾਨ ਮਾਓ ਦੇ ਫ਼ਿਲਾਸਫ਼ੀ ਦੇ ਵਿਚਾਰਾਂ ਦੀ ਘੋਖ਼-ਪੜਤਾਲ ਕੀਤੀ ਅਤੇ ਆਪਣੇ ਹਾਂ ਪੱਖੀ ਤੇ ਨਾਂਹ ਪੱਖੀ ਤਜ਼ਰਬਿਆਂ ਦਾ ਹਿਸਾਬ ਲਗਾਇਆ। ਉਹਨਾਂ ਦੇਖਿਆ ਕਿ ਕਹੀ ਅਤੇ ਆਦਮੀ ਦੀ ਸੋਚਣੀ ਇੱਕ ਦੂਜੇ ਦੇ ਵਿਰੋਧੀ ਸਨ ਅਤੇ ਆਦਮੀ ਵਿਰੋਧਤਾਈ ਦਾ ਮੁੱਖ ਪੱਖ ਹੈ। ਆਦਮੀ ਹੀ ਕਹੀ ਨੂੰ ਚਲਾਉਂਦਾ ਹੈ, ਇਸ ਕਰਕੇ ਕਹੀ ਦਾ ਠੀਕ ਫ਼ਾਇਦਾ ਲੈਣ ਤੋਂ ਪਹਿਲਾਂ ਆਦਮੀ ਦੀ ਸੋਚਣੀ ਨੂੰ ਗ੍ਰਹਿਣ ਕਰਨਾ ਜ਼ਰੂਰੀ ਹੈ। ਲੋਕਾਂ ਨੂੰ ਸਿੱਖਿਅਤ ਕੇਵਲ ਮਾਓ-ਜ਼ੇ-ਤੁੰਗ ਵਿਚਾਰਧਾਰਾ ਦੀ ਵਰਤੋਂ ਰਾਹੀਂ ਹੀ ਕਹੀ ਦੀ ਪੂਰੀ ਵਰਤੋਂ ਕੀਤੀ ਜਾ ਸਕਦੀ ਹੈ।

ਇਕੱਠੀ ਬਹਿਸ ਕਰਨ ਤੋਂ ਬਾਅਦ ਪਾਰਟੀ ਸ਼ਾਖਾ ਕਮੇਟੀ ਦੇ ਮੈਂਬਰਾਂ, ਕਾਰਕੁੰਨਾਂ ਤੇ ਜਨਤਾ ਨੇ ਫ਼ੈਸਲਾ ਕੀਤਾ ਕਿ ਤਲਾਅ ਨੂੰ ਦੁਬਾਰਾ ਬਣਾਉਣ ਵੇਲ਼ੇ ਉਹ ਪ੍ਰੋਲੇਤਾਰੀ ਰਾਜਨੀਤੀ ਨੂੰ ਕਮਾਂਡ ਵਿੱਚ ਰੱਖਣਗੇ ਤੇ ਵਿਚਾਰਧਾਰਕ ਪੱਖ ਨੂੰ ਪਹਿਲ ਦੇਣਗੇ। ਉਹਨਾਂ ਨੇ ਉਸਾਰੀ ਵਾਲ਼ੀ ਥਾਂ ਨੂੰ ਇਨਕਲਾਬੀ ਜਨਤਕ ਨੁਕਤਾਚੀਨੀ ਦੇ ਅਖਾੜੇ ਤੇ ਚੇਅਰਮੈਨ ਮਾਓ ਦੀਆਂ ਰਚਨਾਵਾਂ ਦੀ ਤਾਲੀਮ ਕਰਨ ਲਈ ਇੱਕ ਸਕੂਲ ਵਿੱਚ ਤਬਦੀਲ ਕਰਨ ਦਾ ਫ਼ੈਸਲਾ ਕੀਤਾ।

ਉਸ ਸਿਆਲ਼ ਵਿੱਚ ਬਹੁਤ ਠੰਡ ਸੀ, ਪਰ ਕੰਮ ਵਾਲੀ ਥਾਂ 'ਤੇ ਗਰਮਾ-ਗਰਮੀ ਸੀ। ਬਰਗੇਡ ਦੇ ਦੋ ਸੋ ਤੋਂ ਵੱਧ ਆਦਮੀ ਤੇ ਇਸਤਰੀ ਮੈਂਬਰ ਭਗੌੜੇ, ਗੱਦਾਰ ਤੇ ਕਮੀਨੇ ਲਿਊ ਸ਼ਾਓ-ਚੀ ਦੀ 'ਤਨਖ਼ਾਹ ਨੂੰ ਪਹਿਲ ਦੇਣ' ਪਦਾਰਥਕ ਪ੍ਰੇਰਨਾ ਦੀ ਉਲਟ-ਇਨਕਲਾਬੀ ਸੋਧਵਾਦੀ ਲੀਹ ਦੀ ਨੁਕਤਾਚੀਨੀ ਕਰਨ ਲਈ ਇਕੱਠੇ ਹੋਏ। ਇਨਕਲਾਬ ਲਈ ਕੰਮ ਕਰਨ ਦੇ ਸੰਕਲਪ ਨੂੰ ਪ੍ਰਚੱਲਤ ਕਰਨ ਪਿੱਛੋਂ ਬਰਗੇਡ ਮੈਂਬਰਾਂ ਨੇ ਆਪਣੀ ਮਰਜ਼ੀ ਨਾਲ਼ ਅੱਠ ਵਜੇ ਦੀ ਥਾਂ ਸਵੇਰੇ ਸਾਢੇ ਛੇ ਵਜੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਛੁੱਟੀ ਵੇਲ਼ੇ ਉਹ ਇਕੱਠੇ ਹੁੰਦੇ ਤੇ ਇਨਕਲਾਬੀ ਗੀਤ ਗਾਉਂਦੇ।

ਇੱਕ ਦਿਨ ਜਦ ਲਾਗਲੇ ਪਿੰਡ ਦਾ ਇੱਕ ਸਾਥੀ ਲਾਗਿਓਂ ਦੀ ਲੰਘਿਆ ਤਾਂ ਸਭ ਕੁੱਝ ਵੇਖ ਕੇ ਦੰਗ ਰਹਿ ਗਿਆ। ਉਹਨੇ ਹੈਰਾਨੀ ਨਾਲ਼ ਪੁੱਛਿਆ, "ਤੁਹਾਡੇ ਬਰਗੇਡ ਵਿੱਚ ਭਾਰੀ ਸੋਕਾ ਪਿਆ ਸੀ ਪਰ ਤੁਸੀਂ ਫਿਰ ਵੀ ਬੜੇ ਜੋਸ਼ ਨਾਲ਼ ਕੰਮ ਕਰ ਰਹੇ ਹੋ। ਇਹ ਕਿਵੇਂ ਸੰਭਵ ਹੈ?"

ਇੱਕ ਨੌਜਵਾਨ ਕਿਸਾਨ ਨੇ ਬੜੇ ਮਾਣ ਨਾਲ਼ ਉੱਤਰ ਦਿੱਤਾ, "ਸਾਡੇ ਕੋਲ਼ ਰੂਹਾਨੀ ਐਟਮ ਬੰਬ ਹੈ, ਭਾਵ ਕਿ ਅਸੀਂ ਮਾਓ-ਜ਼ੇ-ਤੰਗ ਵਿਚਾਰਧਾਰਾ ਨਾਲ਼ ਲੈਸ ਹਾਂ।"

ਦਵੰਦਵਾਦ ਦੀ ਪੜ੍ਹਾਈ ਨੇ ਕਿਸਾਨਾਂ ਨੂੰ ਕੁਦਰਤ ਉੱਤੇ ਫਤਿਹ ਪਾਉਣ ਦੇ ਯੋਗ ਬਣਾ ਦਿੱਤਾ। ਉਹਨਾਂ ਨੇ 1,40,000 ਘਣ ਮੀਟਰ ਦਾ ਤਲਾਅ ਬਣਾਉਣ ਉੱਤੇ ਸਿਰਫ਼ 40 ਦਿਨ ਲਾਏ ਜਦੋਂ ਕਿ ਦੋ ਮਹੀਨੇ ਲੱਗਣ ਦੀ ਆਸ ਸੀ। ਇਹ ਪਿਛਲੇ ਸੱਤ ਸਾਲਾਂ ਵਿੱਚ ਹੋਏ ਕੰਮ ਨਾਲੋਂ ਬਹੁਤ ਜ਼ਿਆਦਾ ਸੀ।

1967 ਦੇ ਸਿਆਲ਼ ਵਿੱਚ ਸਖ਼ਤ ਮਿਹਨਤ ਕਰਨ ਦਾ ਅਗਲੇ ਸਾਲ ਚੰਗਾ

ਫ਼ਲ ਮਿਲਿਆ। ਇੱਕ ਵਾਰ ਫੇਰ ਲਗਭਗ ਸੌ ਦਿਨ ਦਾ ਸੋਕਾ ਪਿਆ। ਇਸ ਸੋਕੇ ਦੇ ਸਾਲ ਵਿੱਚ ਅਨਾਜ ਦੀ ਉਪਜ 28 ਕੁਇੰਟਲ 32 ਕਿੱਲੋ ਪ੍ਰਤੀ ਏਕੜ ਹੋਈ।

ਆਪਣੇ ਤਜ਼ਰਬਿਆਂ ਨੂੰ ਚਿਤਵਦਿਆਂ ਬਰਗੇਡ ਦੇ ਕਰੀਬ ਹੇਠਲੇ-ਦਰਮਿਆਨੇ ਕਿਸਾਨ ਅਕਸਰ ਕਹਿੰਦੇ, "ਸਾਡੇ ਬਰਗੇਡ ਨੇ ਦੋ ਲੀਹਾਂ ਵਿਚਕਾਰ ਘੋਲ਼ ਵਿੱਚ ਫ਼ਿਲਾਸਫ਼ੀ ਦਾ ਅਧਿਐਨ ਸ਼ੁਰੂ ਕੀਤਾ ਸੀ ਅਤੇ ਇਸ ਵਾਸਤੇ ਜਨਤਕ ਲਹਿਰ ਵਿੱਚ ਨਵਾਂ ਉਭਾਰ ਲੈ ਆਂਦਾ ਸੀ। ਦੋ ਲੀਹਾਂ ਵਿਚਕਾਰ ਜਿੰਨਾਂ ਤਿੱਖਾ ਘੋਲ਼ ਹੋਵੇਗਾ ਅਸੀਂ ਵੇਖਿਆ ਹੈ ਕਿ ਓਨਾਂ ਹੀ ਫ਼ਿਲਾਸਫ਼ੀ (ਸਾਡੇ ਤੇਜ਼ ਹਥਿਆਰ) ਦਾ ਚੰਗਾ ਅਸਰ ਹੁੰਦਾ ਹੈ। ਜੇ ਅਸੀਂ ਕਿਸਾਨ ਫ਼ਿਲਾਸਫ਼ੀ ਦੀ ਪੜਾਈ, ਦੋ ਲੀਹਾਂ ਵਿਚਕਾਰ ਘੋਲ਼ ਅੰਦਰ, ਹਰ ਵਰ੍ਹੇ ਸਬੰਧਤ ਸਮੱਸਿਆਵਾਂ ਦੀ ਰੋਸ਼ਨੀ ਵਿੱਚ ਕਰੀਏ ਤਾਂ ਅਸੀਂ ਇਸ ਨੂੰ ਤੇਜ਼ੀ ਨਾਲ਼ ਸਮਝ ਸਕਦੇ ਅਤੇ ਚੰਗੀ ਤਰ੍ਹਾਂ ਲਾਗੂ ਕਰ ਸਕਦੇ ਹਾਂ-ਬਿਲਕੁਲ ਉਸੇ ਤਰ੍ਹਾਂ ਹੀ ਜਿਵੇਂ ਡਾਕਰ ਜ਼ਮੀਨ ਮੀਂਹ ਦੀਆਂ ਬੂੰਦਾਂ ਜਜ਼ਬ ਕਰਦੀ ਹੈ।"

***

# ਜਮਾਤੀ ਘੋਲ਼ ਦੀ ਲਗਾਤਾਰ ਵਧੇਰੇ ਵਾਕ.ਫੀ

## "ਅਸੀਂ ਸਾਰੇ ਚਿਆਂਗ ਇੱਕੋ ਹੀ ਪਰਵਾਹ ਹਾਂ"

1968 ਵਿੱਚ ਚਿੰਨ ਚੀਅਨ ਬਰਗੇਡ ਨੇ ਆਪਣੀਆਂ ਜਮਾਤੀ ਸਫ਼ਾਂ ਨੂੰ ਨਿਤਾਰਨਾ ਸ਼ੁਰੂ ਕਰ ਦਿੱਤਾ। ਜਮਾਤੀ ਦੁਸ਼ਮਣਾਂ ਦੇ ਖਿਲਾਫ਼ ਇਹ ਗੁੰਝਲਦਾਰ ਘੋਲ਼ ਵਿੱਚੋਂ ਬਰਗੇਡ ਦੇ ਹੇਠਲੇ-ਦਰਮਿਆਨੇ ਕਿਸਾਨਾਂ ਨੇ ਪ੍ਰਧਾਨ ਮਾਓ ਦੇ ਫ਼ਿਲਾਸਫ਼ੀ ਦੇ ਵਿਚਾਰਾਂ ਦੀ ਬਿਹਤਰ ਸਮਝ ਪ੍ਰਾਪਤ ਕੀਤੀ।

ਕੁੱਝ ਲੋਕ ਚੌਕਸ ਨਹੀਂ ਸਨ ਹੋਏ। ਉਹਨਾਂ ਨੂੰ ਜਮਾਤੀ ਦੁਸ਼ਮਣਾਂ ਦੀ ਮੌਜੂਦਗੀ ਦਾ ਪਤਾ ਨਹੀਂ ਸੀ। ਕਿਸੇ ਨੇ ਕਿਹਾ, "ਅਸੀਂ ਇਸ ਪਿੰਡ ਵਿੱਚ ਪੁਸ਼ਤਾਂ ਤੋਂ ਰਹਿ ਰਹੇ ਹਾਂ, ਮੁਕਤੀ ਤੋਂ ਪਹਿਲਾਂ ਅਤੇ ਪਿੱਛੋਂ ਵਾਪਰੇ ਦਾ ਸਭ ਕੁੱਝ ਦਾ ਸਾਨੂੰ ਸਾਫ਼-ਸਾਫ਼ ਪਤਾ ਹੈ। ਇਸ ਤੋਂ ਇਲਾਵਾ ਸਾਨੂੰ ਸਾਰੇ ਜਗੀਰਦਾਰਾਂ ਅਤੇ ਅਮੀਰ ਕਿਸਾਨਾਂ ਦੇ ਨਾਵਾਂ ਤੱਕ ਦਾ ਪਤਾ ਹੈ।" ਇਹ ਸੱਚ ਹੈ ਕਿ ਦਸਾਂ ਵਿੱਚੋਂ ਨੌਂ ਬਰਗੇਡ ਮੈਂਬਰਾਂ ਦਾ ਗੋਤ ਚਿਆਂਗ ਸੀ। ਇਸ ਤੱਥ ਨੂੰ ਜਮਾਤੀ ਦੁਸ਼ਮਣਾਂ ਨੇ ਜਗੀਰੂ ਪਿਤਾ-ਪੁਰਖੀ ਵਿਚਾਰ ਫ਼ੈਲਾਉਣ ਲਈ ਵਰਤਿਆ। ਲੋਕਾਂ ਨੂੰ ਧੋਖਾ ਦੇਣ ਤੇ ਆਪਣੇ-ਆਪ ਨੂੰ ਛੁਪਾਉਣ ਲਈ ਉਹਨਾਂ ਆਖਿਆ, "ਸਾਡੀ ਚਿਆਂਗਾਂ ਦੀ ਇੱਕੋ ਹੀ ਜੜ੍ਹ ਹੈ। ਅਸੀਂ ਸਾਰੇ ਇੱਕੋ ਹੀ ਪਰਿਵਾਰ ਹਾਂ। ਕੁੱਝ ਲੋਕ ਦੁਸ਼ਮਣਾਂ ਦੇ ਜ਼ਹਿਰੀਲੇ ਪ੍ਰਚਾਰ ਹੇਠ ਆ ਗਏ ਅਤੇ ਉਹ ਹਾਂ ਵਿੱਚ ਹਾਂ ਮਿਲਾਉਂਦੇ ਬੋਲੇ, "ਅਸੀਂ ਚਿਆਂਗ ਇੱਕੋ ਪਰਿਵਾਰ ਹਾਂ ਅਤੇ ਰੋਜ ਮਿਲਦੇ ਹਾਂ। ਸਾਨੂੰ ਮਿਲ ਕੇ ਫੁੱਲ ਬੀਜਣੇ ਚਾਹੀਦੇ ਹਨ।"

ਜਮਾਤੀ ਸਫ਼ਾਂ ਦੇ ਨਿਤਾਰੇ ਦੀ ਸਫ਼ਲਤਾ ਦਾ ਮਤਲਬ ਸੀ ਜਮਾਤੀ ਦੁਸ਼ਮਣਾਂ ਦੀਆਂ ਚਾਲਾਂ ਨੂੰ ਨੰਗਿਆ ਕਰਨਾ ਤੇ ਜਮਾਤੀ ਘੋਲ ਬਾਰੇ ਲੋਕਾਂ ਦੀ ਚੌਕਸੀ ਨੂੰ ਉੱਚਾ ਚੁੱਕਣਾ। ਬਰਗੇਡ ਪਾਰਟੀ ਸ਼ਾਖ਼ਾ ਨੇ ਪ੍ਰਧਾਨ ਮਾਓ ਦੀਆਂ ਸਿੱਖਿਆਵਾਂ, **'ਵਿਰੋਧਤਾਈ ਸਰਬ ਵਿਆਪਕ ਅਤੇ ਸਦੀਵੀਂ ਹੈ'** ਅਤੇ **'ਜਮਾਤੀ ਘੋਲ਼ ਨੂੰ ਕਦੇ ਨਾ ਭੁੱਲੋ'** ਦੀ ਘੋਖ਼ ਕਰਨ ਲਈ ਸਕੂਲ ਲਾਏ ਅਤੇ ਲਿਊ ਸ਼ਾਓ-ਚੀ ਦੇ "ਜਮਾਤੀ ਘੋਲ਼ ਦੇ ਖਾਤਮੇ" ਦੇ ਸਿਧਾਂਤ ਦੀ ਨੁਕਤਾਚੀਨੀ ਕੀਤੀ।

ਲੋਕਾਂ ਨੇ ਮਹਿਸੂਸ ਕੀਤਾ ਕਿ ਜਮਾਤੀ ਸਮਾਜ ਵਿੱਚ ਸਿਰਫ਼ ਜਮਾਤੀ ਪਿਆਰ ਹੀ ਹੁੰਦਾ ਹੈ, ਕੋਈ ਪਿਤਾ-ਪੁਰਖੀ ਪਿਆਰ ਨਹੀਂ ਹੁੰਦਾ। ਹੁਣ ਜਮਾਤੀ ਦੁਸ਼ਮਣ ਮੱਕਾਰੀ ਨਾਲ਼ ਆਪਣੇ ਸਬੰਧ ਸਾਡੇ ਨਾਲ਼ ਜੋੜਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਪੁਰਾਣੇ ਵੇਲਿਆਂ ਵਿੱਚ ਜਦ ਉਹ ਸਾਨੂੰ ਲੁੱਟਦੇ ਤੇ ਦਬਾਉਂਦੇ ਰਹੇ ਸਨ, ਤਾਂ ਉਦੋਂ ਉਹ ਪਰਿਵਾਰਕ ਸਬੰਧਾਂ ਦੀ ਗੱਲ ਕਿਉਂ ਨਹੀਂ ਕਰਦੇ ਸਨ? ਹੁਣ ਉਹ ਸਾਡੇ ਬਹੁਤ ਨਜ਼ਦੀਕੀ ਬਣਦੇ ਹਨ, ਅਸਲ ਵਿੱਚ ਇਹ ਸਾਨੂੰ ਸ਼ਾਂਤ ਕਰਨ ਲਈ ਧੋਖਾ ਹੀ ਸੀ। ਸਾਨੂੰ ਆਪਣੀ ਚੌਕਸੀ ਢਿੱਲੀ ਨਹੀਂ ਕਰਨੀ ਚਾਹੀਦੀ।

ਕਈ ਗਰੀਬ ਤੇ ਹੇਠਲੇ-ਦਰਮਿਆਨੇ ਕਿਸਾਨ ਆਪਣੇ ਤਜ਼ਰਬੇ, ਛੋਟੇ ਬੱਚਿਆਂ ਨੂੰ ਸਬਕ ਦੇ ਤੌਰ 'ਤੇ ਦੱਸਦੇ ਤੇ ਕਹਿੰਦੇ ਕਿ ਜਗੀਰੂ ਪਰਿਵਾਰਕ ਸਬੰਧਾਂ ਦੇ ਵਿਚਾਰ

ਚਕਨਾਚੂਰ ਕਰ ਦੇਣੇ ਚਾਹੀਦੇ ਹਨ।

ਇੱਕ ਸ਼ਾਮ, ਕੰਮ ਤੋਂ ਪਿੱਛੋਂ ਜਦ ਗਿਆਰ੍ਹਵੀਂ ਟੋਲੀ ਦਾ ਗਰੀਬ ਕਿਸਾਨ ਚਿਆਂਗ ਚਿਨ- ਚੈਂਗ ਆਪਣੀ ਪੁੱਤਰੀ ਮੀ-ਲਾਂਗ ਨਾਲ਼ ਘਰ ਨੂੰ ਵਾਪਸ ਆ ਰਿਹਾ ਸੀ ਤਾਂ ਇੱਕ ਪੁਰਾਣਾ ਜਗੀਰਦਾਰ, ਜਿਸ ਨੂੰ ਲੋਕ "ਖਰ੍ਹਵਾ ਸੂਰ" ਕਹਿੰਦੇ ਸਨ, ਉਹਨਾਂ ਨੂੰ ਘਰ ਕੋਲ਼ ਝੂਮਦਾ ਆਉਂਦਾ ਮਿਲਿਆ। ਚੁਨ-ਚੈਂਗ ਉਸ ਨੂੰ ਦੇਖ ਕੇ ਕਰੋਧ ਵਿੱਚ ਆ ਗਿਆ ਉਸ ਨੂੰ "ਖਰ੍ਹਵਾ ਸੂਰ" ਜਗੀਰਦਾਰ ਕਿਹਾ। ਕੁੜੀ ਨੇ ਹੈਰਾਨ ਹੋ ਕੇ ਕਿਹਾ, "ਕੀ ਉਹ ਬਾਬੇ ਦਾ ਭਰਾ ਨਹੀਂ ? ਤੁਸੀਂ ਉਸ ਨੂੰ ਇਸ ਤਰ੍ਹਾਂ ਕਿਉਂ ਬਲਾਉਂਦੇ ਹੋ ?"

ਉਸ ਦੇ ਪਿਤਾ ਨੇ ਉਸ ਵੱਲ ਇਸ਼ਾਰਾ ਕਰਕੇ ਕਿਹਾ,"ਉਹ ਤੇਰੇ ਬਾਬੇ ਦਾ ਭਰਾ ਤਾਂ ਹੋ ਸਕਦਾ ਹੈ ਪਰ ਉਹ ਸਾਡੇ ਵਿੱਚੋਂ ਨਹੀਂ।"

ਮੀ-ਲਾਂਗ ਹੋਰ ਸ਼ਸ਼ੋਪੰਜ ਵਿੱਚ ਪੈ ਗਈ। ਇਹ ਰਿਸ਼ਤੇਦਾਰ ਉਹਨਾਂ ਦੇ ਪਰਿਵਾਰ ਵਿੱਚੋਂ ਕਿਉਂ ਨਹੀਂ ਸੀ। "ਬਾਪੂ ਜਦ ਮੈਂ ਪੈਲ਼ੀ ਵਿੱਚ ਕੰਮ ਕਰਦੀ ਰਹੀ ਸਾਂ ਤਾਂ ਮੈਂ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਕਿ ਇੱਕੋ ਹੀ ਗੋਤ ਵਾਲ਼ੇ ਇੱਕੋ ਹੀ ਪਰਿਵਾਰ ਵਿੱਚ ਹੁੰਦੇ ਹਨ ਤਾਂ ਫਿਰ ਇਹ ਬਾਬਾ ਸਾਡੇ ਵਿੱਚੋਂ ਕਿਉਂ ਨਹੀਂ ?"

ਇਹ ਸੁਣ ਕੇ ਚੁਨ-ਚੈਂਗ ਗੁੱਸੇ ਵਿੱਚ ਆ ਗਿਆ। ਉਹਨੂੰ ਚੇਤਾ ਆਇਆ ਕਿ ਇਹੋ ਜਿਹੇ ਵਿਚਾਰ ਕਿ ਸਾਰੇ ਚਿਆਂਗ ਇੱਕੋ ਪਰਿਵਾਰ ਦੇ ਹਾਂ, ਫੁੱਲ ਬੀਜਣਾ, ਕੰਡੇ ਨਹੀਂ ਆਦਿ ਉਦੋਂ ਤੋਂ ਹੀ ਫ਼ੈਲਾਏ ਜਾ ਰਹੇ ਸਨ ਜਦੋਂ ਤੋਂ ਜਮਾਤੀ ਸਫ਼ਾਂ ਦਾ ਨਿਤਾਰਾ ਸ਼ੁਰੂ ਹੋਇਆ ਸੀ ਤੇ ਇਹ ਸਭ ਚਲਾਕੀਆਂ ਦੁਸ਼ਮਣਾਂ ਵੱਲੋਂ ਲਹਿਰ ਨੂੰ ਨੁਕਸਾਨ ਪੁਚਾਉਣ ਲਈ ਖੇਡੀਆਂ ਗਈਆਂ ਸਨ। ਕਿਉਂਕਿ ਉਹਦੀ ਧੀ ਗੱਲਾਂ ਵਿੱਚ ਆ ਗਈ ਸੀ, ਇਸ ਲਈ ਉਹਨੇ ਗੱਲਾਂ ਸਾਫ਼ ਕਰਨ ਦਾ ਫ਼ੈਸਲਾ ਕੀਤਾ ਤੇ ਆਪਣੀ ਧੀ ਨੂੰ ਆਪਣੇ ਪਰਿਵਾਰ ਦੀ ਕਦੇ ਵੀ ਨਾ ਭੁਲਾਈ ਜਾ ਸਕਣ ਵਾਲੀ ਕਹਾਣੀ ਸੁਣਾਈਃ-

ਚਿਆਂਗ ਚੁਨ-ਚੈਂਗ ਦਾ ਪਿਤਾ ਉਹਨੂੰ ਬਾਰਾਂ ਸਾਲਾਂ ਦਾ ਛੱਡ ਕੇ ਮਰ ਗਿਆ ਸੀ ਤੇ ਉਹ ਆਪਣੀ ਮਾਂ ਤੇ ਦੋ ਛੋਟੀਆਂ ਭੈਣਾਂ ਨਾਲ਼ ਦੁੱਖਾਂ ਭਰੀ ਜ਼ਿੰਦਗੀ ਬਤੀਤ ਕਰਨ ਲੱਗਾ, ਜਿਸ ਦਾ ਕੋਈ ਮੂੰਹ ਸਿਰ ਨਹੀਂ ਸੀ ਬਣਦਾ। ਅੰਤ ਉਹਦੀ ਛੋਟੀ ਭੈਣ ਨੂੰ ਪੈਸੇ ਵੱਟ ਕੇ ਵਿਆਹ ਦਿੱਤਾ ਗਿਆ। ਸਭ ਤੋਂ ਸਿਰੇ ਦੀ ਗੱਲ ਇਹ ਕਿ "ਖਰ੍ਹਵੇਂ ਸੂਰ" ਜਗੀਰਦਾਰ ਨੇ ਆਪਣੀ ਤਾਕਤ ਦੇ ਜ਼ੋਰ ਨਾਲ਼ ਚਿਆਂਗ ਚੁਨ-ਚੈਂਗ ਦਾ ਘਰ ਤੇ ਸਬਜ਼ੀ ਦਾ ਬਗੀਚਾ ਖੋਹ ਲਿਆ ਅਤੇ ਉਹ ਉਸ ਦੀ ਜ਼ਮੀਨ ਦੇ ਇੱਕੋ-ਇੱਕ ਪਲਾਟ ਉੱਤੇ ਵੀ ਹੱਥ ਫੇਰਨਾ ਚਾਹੁੰਦਾ ਸੀ।

ਜਗੀਰਦਾਰ ਚਿਆਂਗ ਚੁਨ-ਚੈਂਗ ਕੋਲ਼ ਗਿਆ ਅਤੇ ਤਰਸ ਭਰੀ ਭਿੱਜੀ ਆਵਾਜ਼ ਵਿੱਚ ਕਹਿਣ ਲੱਗਾ, "ਤੁਹਾਡੀ ਜ਼ਿੰਦਗੀ ਬਹੁਤ ਔਖੀ ਹੈ ਅਤੇ ਮੈਂ ਤੁਹਾਨੂੰ ਇਸ ਤਰ੍ਹਾਂ ਭੁੱਖੇ ਰਹਿੰਦੇ ਨਹੀਂ ਸਹਾਰ ਸਕਦਾ। ਮੈਂ ਤੁਹਾਨੂੰ ਕੁਝ ਦਾਣੇ ਦੇ ਦਿੰਦਾ ਹਾਂ ਅਤੇ ਤੁਸੀਂ ਮੈਨੂੰ ਆਪਣੀ ਜ਼ਮੀਨ ਵਾਹ ਲੈਣ ਦਿਉ" ਅਤੇ ਕੋਈ ਉੱਤਰ ਉਡੀਕਣ ਤੋਂ ਬਿਨਾਂ ਹੀ "ਖਰ੍ਹਵਾ ਸੂਰ" ਚਲਾ ਗਿਆ। ਕੁੱਝ ਦਿਨਾਂ ਮਗਰੋਂ ਇਹ ਗੱਲ ਫ਼ੈਲ ਗਈ ਕਿ ਚਿਆਂਗ ਚੁਨ-ਚੈਂਗ ਨੇ ਆਪਣਾ ਪਲਾਟ ਵੇਚ ਦਿੱਤਾ ਹੈ, ਭਾਵੇਂ ਕਿ ਕੋਈ ਲਿਖ਼ਤੀ ਕਾਰਵਾਈ ਨਹੀਂ ਸੀ ਹੋਈ। ਕੁੱਝ ਵੀ ਸੀ, ਜਗੀਰਦਾਰ ਨੇ ਆਪਣੇ ਆਦਮੀ ਜ਼ਮੀਨ ਵਾਹੁਣ ਲਈ ਭੇਜ ਦਿੱਤੇ। ਚੁਨ-

ਚੈਂਗ ਗੁੱਸੇ ਵਿਚ ਆ ਗਿਆ ਤੇ ਉਹਦੇ ਨਾਲ਼ ਗੱਲ ਕਰਨੀ ਚਾਹੀ, ਪਰ ਹਿਰਸੀ ਜਗੀਰਦਾਰ ਸਾਝਾਂ "ਪਰਿਵਾਰ" ਹੋਣ ਦੀ ਗੱਲ ਭੁੱਲ ਚੁੱਕਾ ਸੀ। ਉਸ ਨੇ ਕਾਊਂਟੀ ਦੀ ਅਦਾਲਤ ਵਿੱਚ ਚੁਨ-ਚੈਂਗ ਉੱਤੇ ਨਾਜਾਇਜ਼ ਕਬਜ਼ੇ ਦਾ ਦੋਸ਼ ਲਾ ਕੇ ਮੁਕੱਦਮਾ ਚਲਾਇਆ। ਸੱਮਨ ਵੇਖ ਕੇ ਚੁਨ-ਚੈਂਗ ਨੂੰ ਅਜਿਹਾ ਝਟਕਾ ਲੱਗਿਆ ਕਿ ਉਸ ਦਾ ਖ਼ੂਨ ਖੌਲ਼ ਉੱਠਿਆ, ਉਹਨੂੰ ਉਹ ਕਹਾਵਤ ਚੇਤੇ ਆ ਗਈ: ਅਦਾਲਤਾਂ ਦੇ ਬੂਹੇ ਖੁੱਲ੍ਹੇ ਹਨ ਪਰ ਉਹਨਾਂ ਲਈ ਨਹੀਂ ਜਿਹਨਾਂ ਕੋਲ਼ ਕੋਈ ਪੈਸਾ ਨਹੀਂ ਭਾਵੇਂ ਉਹ ਠੀਕ ਹੀ ਹੋਣ। ਉਸ ਨੂੰ ਪਤਾ ਸੀ ਕਿ ਅਦਾਲਤਾਂ ਦਾ ਬੂਹਾ ਖੜਕਾਉਣ ਦਾ ਮਤਲਬ ਸੀ ਖ਼ੁਦ ਨੂੰ ਕੈਦ ਜਾਂ ਜੁਰਮਾਨਾ। ਮਗਰੋਂ ਚੁਨ-ਚੈਂਗ ਨੂੰ ਮਜ਼ਬੂਰ ਹੋ ਕੇ ਵਗਾਰ ਉੱਤੇ ਉਸ ਜਗੀਰਦਾਰ ਕੋਲ਼ ਕੰਮ ਕਰਨਾ ਪਿਆ ਤੇ ਸਾਲਾਂ-ਬੱਧੀ ਸਖ਼ਤ ਮਿਹਨਤ ਨਾਲ਼ ਉਹਦੀ ਕਮਰ ਝੁੱਕ ਗਈ।

ਮੁਕਤੀ ਨਾਲ਼ ਪਾਰਟੀ ਤੇ ਪ੍ਰਧਾਨ ਮਾਓ ਨੇ ਚੁਨ-ਚੈਂਗ ਦਾ ਉਹਦੇ ਦੁੱਖਾਂ ਤੋਂ ਛੁਟਕਾਰਾ ਕਰਾਇਆ ਤੇ ਉਹ ਉੱਠ ਖੜ੍ਹਾ ਹੋਇਆ ਅਤੇ ਉਸ ਜਗੀਰਦਾਰ ਵਿਰੁੱਧ ਲੜਿਆ ਜਿਸ ਦੀ ਜ਼ਮੀਨ ਕੁਰਕ ਕਰਕੇ ਗਰੀਬ ਤੇ ਹੇਠਲੇ-ਦਰਮਿਆਨੇ ਕਿਸਾਨਾਂ ਵਿੱਚ ਵੰਡ ਦਿੱਤੀ ਗਈ ਸੀ। ਪਰ ਉਸਦੀ ਪਿਛਾਂਹ-ਖਿੱਚੂ ਸੋਚਣੀ ਕੁਰਕ ਨਾ ਕੀਤੀ ਜਾ ਸਕੀ ਤੇ ਉਹਨੇ ਮੁੜ ਪਹਿਲੀ ਥਾਂ ਹਾਸਲ ਕਰਨ ਲਈ ਘਾੜਤਾਂ ਘੜਨੀਆਂ ਕਦੇ ਨਾ ਛੱਡੀਆਂ। ਇੱਥੋਂ ਤੱਕ ਕਿ ਸੱਭਿਆਚਾਰਕ ਇਨਕਲਾਬ ਦੌਰਾਨ ਵੀ ਉਹ ਆਪਣੇ ਵੰਡੇ ਜਾ ਚੁੱਕੇ ਪਹਿਲੇ ਘਰਾਂ ਵਿੱਚ ਮੌਕਾ ਮਿਲੇ ਤੋਂ ਚੁੱਪ-ਚਪੀਤੇ ਸ਼ਤੀਰਾਂ ਅਤੇ ਕੜੀਆਂ ਨੂੰ ਇਹ ਦੇਖਣ ਲਈ ਜਾਂਦਾਂ ਕਿ ਕਿਤੇ ਉਹਨਾਂ ਨੂੰ ਘੁਣ ਤਾਂ ਨਹੀਂ ਲੱਗ ਗਿਆ ਅਤੇ ਇਹਨਾਂ ਘਰਾਂ ਨੂੰ ਮੁੜ ਹਾਸਲ ਕਰਨ ਦੇ ਸੁਫ਼ਨੇ ਲੈਂਦਾ। ਚੁਨ-ਚੈਂਗ ਨੇ ਉਸ ਨੂੰ ਇਹ ਕਹਿੰਦੇ ਦੇਖਿਆ ਸੀ ਤੇ ਉਸ ਵਿਰੁੱਧ ਆਹਮੋ-ਸਾਹਮਣੇ ਹੋ ਕੇ ਲੜਿਆ ਸੀ।

ਚਿਆਂਗ ਚੁਨ-ਚੈਂਗ ਨੇ ਆਪਣੀ ਧੀ ਨੂੰ ਆਖਿਆ, "ਸੋ ਤੂੰ ਵੇਖਿਆ ਚਿਆਂਗ ਦੋ ਹਿੱਸਿਆਂ ਵਿੱਚ ਵੰਡੇ ਹੋਏ ਹਨ। 'ਕੁੱਝ ਪਹਿਲਾਂ' ਜਗੀਰਦਾਰ ਸਨ ਤੇ ਕੁੱਝ ਗਰੀਬ ਤੇ ਕੁੱਝ ਹੇਠਲੇ ਦਰਮਿਆਨੇ ਕਿਸਾਨ। ਬਹੁਤੇ ਚਿਆਂਗ ਹੁਣ ਸਮਾਜਵਾਦੀ ਰਾਹ ਤੇ ਚੱਲ ਰਹੇ ਹਨ, ਪਰ ਕਈ ਸਰਮਾਏਦਾਰੀ ਨੂੰ ਤਰਜੀਹ ਦਿੰਦੇ ਹਨ। ਇਹ ਦੋਵੇਂ ਕਿਸਮਾਂ ਇੱਕੋ ਪਰਿਵਾਰ ਦੀਆਂ ਨਹੀਂ ਹਨ, ਸਗੋਂ ਇੱਕ-ਦੂਜੇ ਦੀਆਂ ਦੁਸ਼ਮਣ ਹਨ। 'ਸਾਰੇ ਇੱਕੋ ਪਰਿਵਾਰ ਦੇ ਹਨ' ਦਾ ਵਿਚਾਰ ਜਮਾਤੀ ਦੁਸ਼ਮਣਾਂ ਰਾਹੀਂ, ਜੋ ਕਿ ਇਨਕਲਾਬੀ ਲੋਕਾਂ ਵੱਲੋਂ ਨੰਗੇ ਕੀਤੇ ਜਾਣ ਤੋਂ ਡਰਦੇ ਹਨ, ਫ਼ੈਲਾਇਆ ਗਿਆ ਪਿਛਾਂਹ-ਖਿੱਚੂ ਵਿਚਾਰ ਹੈ। ਸੋ, ਮੂਰਖ ਨਾ ਬਣੋ! ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਨੂੰ ਪੱਕਿਆਂ ਕਰਨ ਲਈ ਸਾਨੂੰ ਅਜਿਹੇ ਜਮਾਤੀ ਦੁਸ਼ਮਣਾਂ ਦੇ ਖਿਲਾਫ਼ ਸਖ਼ਤ ਘੋਲ਼ ਕਰਨਾ ਚਾਹੀਦਾ ਹੈ।"

## "ਜੋ ਭੌਂਕਦਾ ਨਹੀਂ, ਉਸ ਕੁੱਤੇ ਤੋਂ ਬਚੋ"

ਜਿਹਨਾਂ 'ਸਾਰੇ ਇੱਕ ਪਰਵਾਰ' ਦਾ ਵਿਚਾਰ ਫ਼ੈਲਾਇਆ ਸੀ, ਉਹਨਾਂ ਵਿੱਚੋਂ ਇਕ ਚਿਆਂਗ ਜੂ-ਲੂ ਨਾਉਂ ਦਾ ਜਗੀਰਦਾਰ ਸੀ। ਉਹ ਬਹੁਤ ਚਿਰ ਤੋਂ ਬਾਹਰ ਰਿਹਾ ਸੀ ਤੇ 1948 ਵਿੱਚ ਵਾਪਸ ਆਇਆ ਸੀ। 1950 ਦੇ ਜ਼ਮੀਨੀ ਸੁਧਾਰਾਂ ਪਿੱਛੋਂ ਉਹਨੇ ਜਨਤਾ ਦੀ ਨਿਗਰਾਨੀ ਹੇਠ ਫਾਰਮ ਦੀ ਖੇਤੀ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਉਹ

ਕਾਫ਼ੀ ਤਾਬੇਦਾਰ ਦਿਖਾਈ ਦਿੰਦਾ ਸੀ ਅਤੇ ਕੰਮ ਕਰਨ ਵਿੱਚ ਬਹੁਤ ਬਲਵਾਨ। ਉਹ ਕਦੇ ਕਿਸੇ ਨਾਲ਼ ਨਾ ਝਗੜਦਾ। ਉਹ ਬੜੀ ਲਗਨ ਨਾਲ਼ ਫਾਰਮ ਦੇ ਤੌਰ ਤਰੀਕੇ ਸਿੱਖ ਰਿਹਾ ਜਾਪਦਾ, ਇੱਕ ਰਸਾਲੇ ਨੂੰ ਚੰਦਾ ਵੀ ਭੇਜਦਾ, ਜਿਵੇਂ ਕਿ ਉਹ ਬੜਾ ਹੀ ਮਿਹਨਤੀ ਹੋਵੇ। ਕਈ ਵਾਰ ਉਹ ਬਿਮਾਰ ਕਿਸਾਨਾਂ ਦੀ ਸੇਵਾ ਵੀ ਕਰਦਾ ਤੇ ਉਹਨਾਂ ਨੂੰ ਦਵਾਈਆਂ ਵੀ ਲਿਆਕੇ ਦਿੰਦਾ। ਬਰਗੇਡ ਮਹਿਸੂਸ ਕਰਨ ਲੱਗੇ ਕਿ ਇਹ ਜਗੀਰਦਾਰ ਹੁਣ ਕਾਫ਼ੀ ਸੁਧਰ ਗਿਆ ਹੈ ਤੇ ਉਹਨਾਂ ਨੇ ਉਸ ਪ੍ਰਤੀ ਚੌਕਸੀ ਢਿੱਲੀ ਕਰ ਦਿੱਤੀ।

ਪਰ ਜਦ ਜਮਾਤੀ ਸਫ਼ਾਂ ਦਾ ਨਿਤਾਰਾ ਸ਼ੁਰੂ ਹੋਇਆ ਤਾਂ ਬਰਗੇਡ ਮੈਂਬਰਾਂ ਨੇ ਚੇਅਰਮੈਨ ਮਾਓ ਦੇ ਫ਼ਿਲਾਸਫ਼ੀ ਦੇ ਵਿਚਾਰਾਂ ਦੀ ਅਗਵਾਈ ਹੇਠ ਵਿਰੋਧਤਾਈਆਂ ਸਾਹਮਣੇ ਲਿਆਂਦੀਆਂ ਅਤੇ ਤੱਥ ਪੇਸ਼ ਕੀਤੇ ਤਾਂ ਹਰ ਇੱਕ ਦੇ ਸੋਚਣ ਤੇ ਬਹਿਸਾਂ ਕਰਨ ਨਾਲ਼ ਛੇਤੀ ਹੀ ਚਿਆਂਗ ਜ਼ੂ-ਲੂ ਉੱਤੇ ਸ਼ੱਕ ਕੇਂਦਰਤ ਹੋ ਗਿਆ। ਲੋਕਾਂ ਨੇ ਕਿਹਾ, "ਇਹ ਅੰਦਾਜਾ ਲਾਉਣ ਲਈ ਕਿ ਜਮਾਤੀ ਦੁਸ਼ਮਣ ਇਮਾਨਦਾਰ ਹਨ ਜਾਂ ਨਹੀਂ, ਸਾਨੂੰ ਸਿਰਫ਼ ਬਾਹਰੀ ਸੂਰਤ ਹੀ ਨਹੀਂ ਵੇਖਣੀ ਚਾਹੀਦੀ, ਸਗੋਂ ਇਹ ਦੇਖਣਾ ਚਾਹੀਦਾ ਹੈ ਕਿ ਅੰਦਰ ਕੀ ਹੈ, ਅਤੇ ਸੂਰਤ ਦੇ ਜ਼ਰੀਏ ਮੂਲ ਤੱਤ ਲੱਭਣਾ ਚਾਹੀਦਾ ਹੈ। ਕਾਰਗੁਜ਼ਾਰੀ ਤੇ ਵਿਚਾਰਧਾਰਾ ਪਰਖ਼ਦਿਆਂ ਸਾਨੂੰ ਮਾਮਲਿਆਂ ਵਿੱਚ ਫ਼ਰਕ ਦੇਖਣਾ ਚਾਹੀਦਾ ਹੈ ਅਤੇ ਉਹਨਾਂ ਨਾਲ਼ ਉਸੇ ਤਰ੍ਹਾਂ ਦਾ ਵਰਤਾਓ ਕਰਨਾ ਚਾਹੀਦਾ ਹੈ। ਜਿਹਨਾਂ ਨੇ ਆਪਣੀਆਂ ਗ਼ਲਤੀਆਂ ਮੰਨ ਲਈਆਂ ਹੋਣ ਅਤੇ ਇਮਾਨਦਾਰੀ ਨਾਲ਼ ਕੰਮ ਕਰ ਰਹੇ ਹੋਣ, ਉਹਨਾਂ ਨਾਲ਼ ਨਰਮੀ ਦਾ ਵਰਤਾਓ ਕਰਨਾ ਚਾਹੀਦਾ ਹੈ,ਜਿਹੜੇ ਦੇਖਣ ਨੂੰ ਇਮਾਨਦਾਰ ਜਾਪਦੇ ਸਨ ਪਰ ਲੋਕਾਂ ਦੀ ਪਿੱਠ ਪਿੱਛੇ ਘਾੜਤਾਂ ਅਤੇ ਚੁਗਲੀਆਂ ਕਰਦੇ ਸਨ, ਉਹਨਾਂ ਵਿਰੁੱਧ ਘੋਲ਼ ਲੜਨਾ ਚਾਹੀਦਾ ਹੈ। ਚਿਆਂਗ ਜ਼ੂ-ਲੂ ਦਾ ਅਸਲੀ ਖਾਸਾ ਕੀ ਸੀ ?" ਉਹਨਾਂ ਨੇ ਇਸ ਮਾਮਲੇ ਦਾ ਵਿਸ਼ਲੇਸ਼ਣ ਕੀਤਾ ਤੇ ਕਈ ਆਪਾ ਵਿਰੋਧੀ ਤੱਥਾਂ ਦਾ ਪਤਾ ਲੱਗਿਆ।

ਕੁੱਝ ਇਕਨਾਂ ਨੇ ਕਿਹਾ ਕਿ ਉਹ ਮੁਕਤੀ ਤੋਂ ਪਹਿਲਾਂ ਕਈ ਸਾਲ ਬਾਹਰ ਰਿਹਾ ਅਤੇ ਕੌਣ ਜਾਣਦਾ ਹੈ ਕਿ ਉਹ ਇਹਨਾਂ ਸਾਲਾਂ ਵਿੱਚ ਕੀ ਕਰਦਾ ਸੀ ? ਅਤੇ ਅਜਿਹਾ ਕਿਉਂ ਸੀ ਕਿ ਉਹ ਮਹੱਤਵਪੂਰਨ ਖ਼ਿਆਲਾਂ ਨਾਲ਼ ਭਰਪੂਰ ਮੁੜਿਆ ਸੀ। ਉਹ ਆਪਣੇ ਬੀਤੇ ਸਮੇਂ ਬਾਰੇ ਕਦੇ ਕਿਸੇ ਨਾਲ਼ ਮੂੰਹ ਨਹੀਂ ਖੋਲਦਾ।

ਹੋਰਨਾਂ ਨੇ ਕਿਹਾ ਕਿ ਜਦ ਉਹ ਮੁੜਿਆ ਉਹ ਸਿਰਫ਼ ਬਤਾਲੀ ਸਾਲਾਂ ਦਾ ਸੀ ਪਰ ਉਸ ਨੇ ਆਪਣੀ ਦਾਹੜੀ ਆਪਣੇ ਪਿਉ ਨਾਲੋਂ ਵੀ ਜ਼ਿਆਦਾ ਵਧਾ ਲਈ ਸੀ। ਉਹ ਬਜ਼ੁਰਗ ਕਿਉਂ ਦਿਸਣਾ ਚਾਹੁੰਦਾ ਸੀ।

ਜਿੰਨੇ ਜਿਆਦਾ ਸੁਆਲ ਉੱਠੇ ਤੇ ਉਹਨਾਂ ਦਾ ਵਿਸ਼ੇਲਸ਼ਣ ਕੀਤਾ ਗਿਆ ਓਨਾਂ ਹੀ ਸ਼ੱਕ ਵੱਧਦਾ ਗਿਆ। ਕਿਆਂਙਸ਼ਾਨ ਕਾਊਂਟੀ ਵਿੱਚ ਇੱਕ ਪੁਰਾਣੀ ਕਹਾਵਤ ਪ੍ਰਚੱਲਤ ਸੀ 'ਭੌਂਕਣ ਵਾਲ਼ਾ ਕੁੱਤਾ ਵੀ ਵੱਢ ਸਕਦਾ ਹੈ, ਪਰ ਉਸ ਕੁੱਤੇ ਦਾ ਵੱਢਣਾ ਹੋਰ ਵੀ ਖ਼ਤਰਨਾਕ ਹੈ, ਜੋ ਭੌਂਕਦਾ ਨਹੀਂ।' ਤੁਸੀਂ ਭੌਂਕਣ ਵਾਲ਼ੇ ਕੁੱਤੇ ਤੋਂ ਚੌਕਸ ਹੋ ਜਾਂਦੇ ਹੋ ਪਰ ਨਾ ਭੌਂਕਣ ਵਾਲ਼ਿਆਂ ਤੋਂ ਚੌਕਸ ਨਹੀਂ ਹੁੰਦੇ। ਪ੍ਰਧਾਨ ਮਾਓ ਨੇ ਸਾਨੂੰ ਸਿਖਾਇਆ ਹੈ, **"ਜਦੋਂ ਅਸੀਂ ਕੋਈ ਚੀਜ਼ ਵੇਖਦੇ ਹਾਂ ਤਾਂ ਸਾਨੂੰ ਇਸ ਦੇ ਮੂਲ ਤੱਤ ਦਾ ਜਾਇਜ਼ਾ ਲੈਣਾ ਚਾਹੀਦਾ ਹੈ। ਇਸ ਦੀ ਬਾਹਰਲੀ ਦਿੱਖ ਨੂੰ ਦੇਹਲੀ ਉੱਤੇ ਪੈਰ-ਧਰਾਅ ਹੀ ਸਮਝਣਾ ਚਾਹੀਦਾ**

**ਹੈ ਅਤੇ ਜਦੋਂ ਅਸੀਂ ਇੱਕ ਵਾਰ ਦੇਹਲੀ ਲੰਘ ਜਾਈਏ ਤਾਂ ਸਾਨੂੰ ਮੂਲ ਤੱਤ ਨੂੰ ਸਮਝਣਾ ਚਾਹੀਦਾ ਹੈ।"** ਪਰ ਇੱਕ ਸੱਚੀ ਦਿੱਖ ਹੁੰਦੀ ਅਤੇ ਦਿਖਾਵੇ ਦੀ। ਪ੍ਰਧਾਨ ਮਾਓ ਉਹਨਾਂ ਛੁਪੇ ਹੋਏ ਇਨਕਲਾਬ-ਵਿਰੋਧੀਆਂ ਤੋਂ ਚੌਕਸ ਕਰਦਾ ਹੈ ਜਿਹੜੇ **"ਆਪਣਾ ਝੂਠਾ ਪ੍ਰਭਾਵ ਪਾ ਕੇ ਆਪਣੇ ਅਸਲੀ ਲੱਛਣ ਛੁਪਾਉਂਦੇ ਹਨ, ਪਰ ਕਿਉਂਕਿ ਉਹ ਇਨਕਲਾਬ ਦਾ ਵਿਰੋਧ ਕਰਦੇ ਹਨ, ਇਸ ਲਈ ਉਹਨਾਂ ਵਾਸਤੇ ਆਪਣੇ ਅਸਲ ਲੱਛਣਾਂ ਨੂੰ ਪੂਰੀ ਤਰ੍ਹਾਂ ਛੁਪਾ ਲੈਣਾਂ ਅਸੰਭਵ ਹੈ।"** ਚਿਆਂਗ ਜ਼ੂ-ਲੂ ਇਹਨਾਂ ਵਿੱਚੋਂ ਹੀ ਸੀ : ਭਾਵੇਂ ਉਹਨੇ ਲੋਕਾਂ ਉੱਤੇ ਇਮਾਨਦਾਰ ਹੋਣ ਦਾ ਪ੍ਰਭਾਵ ਪਾਉਣਾ ਚਾਹਿਆ ਪਰ ਕਈ ਥਾਂਵਾਂ ਉੱਤੇ ਉਹ ਆਪਣੇ-ਆਪ ਨੂੰ ਜ਼ਾਹਰ ਕਰ ਜਾਂਦਾ ਸੀ।

ਕਿਸੇ ਨੇ ਰਿਪੋਰਟ ਕੀਤੀ ਕਿ ਉਹਨੇ ਚਿਆਂਗ ਨੂੰ ਇੱਕ ਸੂਟਕੇਸ ਚੁੱਪ-ਚੁਪੀਤੇ ਬਾਹਰ ਲਿਜਾਂਦਿਆਂ ਦੇਖਿਆ ਸੀ ਅਤੇ ਹੈਰਾਨ ਸੀ ਕਿ ਪਤਾ ਨਹੀਂ ਇਸ ਵਿੱਚ ਕੀ ਹੋਵੇਗਾ।

ਆਗੂ ਗਰੁੱਪ ਦੇ ਲੋਕਾਂ ਨੇ ਸੂਟਕੇਸ ਲੱਭ ਲਿਆ। ਇਸ ਵਿੱਚੋਂ ਦੋਸ਼ ਲਾਉਣ ਯੋਗ ਦਸਤਾਵੇਜ਼-ਨਾਮਜ਼ਦਗੀਆਂ ਦੇ ਸਰਟੀਫਿਕੇਟ, ਬਦਲੀਆਂ ਦੇ ਆਰਡਰ ਆਦਿ ਹੱਥ ਲੱਗੇ, ਜਿਹੜੇ ਉਹਨੂੰ ਆਜ਼ਾਦੀ ਤੋਂ ਪਹਿਲਾਂ ਕੌਮਿਨਤਾਂਗੀ ਪਿਛਾਂਹ-ਖਿੱਚੂਆਂ ਵੱਲੋਂ ਮਿਲੇ ਸਨ। ਇਸ ਤੋਂ ਉਸ ਦੇ ਇਨਕਲਾਬ-ਵਿਰੋਧੀ ਇਤਿਹਾਸ ਦਾ ਸੰਕੇਤ ਮਿਲਿਆ, ਜੋ ਜ਼ੁਲਮ ਦੀ ਹੱਦ ਤੱਕ ਪ੍ਰਫ਼ੁੱਲਤ ਹੋ ਗਿਆ ਸੀ। ਇਹ ਇੱਕ ਕੁੱਤਾ ਸੀ, ਜੋ ਭੌਂਕਦਾ ਨਹੀਂ ਸੀ।

ਕਿਉਂਕਿ ਸਬੂਤ ਹੱਥਾਂ ਵਿੱਚ ਸੀ ਇਸ ਲਈ ਚਿਆਂਗ ਨੂੰ ਮੁੜ ਪੜਤਾਲ ਲਈ ਸੱਦਿਆ ਗਿਆ। ਇਹ ਸੋਚ ਕੇ ਕਿ ਸੂਟਕੇਸ ਪਹਿਲੋਂ ਹੀ ਦੂਰ ਜਾ ਚੁੱਕਾ ਹੈ ਅਤੇ ਆਗੂ ਗਰੁੱਪ ਨੂੰ ਇਸ ਦਾ ਕੋਈ ਪਤਾ ਨਹੀਂ, ਜਦ ਉਸ ਤੋਂ ਉਸ ਦੇ ਜ਼ੁਰਮ ਬਾਰੇ ਪੁੱਛਿਆ ਗਿਆ ਤਾਂ ਉਹ ਕੁਝ ਨਾ ਮੰਨਿਆ, ਸਗੋਂ ਹੌਂਕੇ ਲੈ ਕੇ ਕਹਿੰਦਾ ਰਿਹਾ,"ਜੇ ਮੈਂ ਕਿਸੇ ਗੁਨਾਹ ਵਿੱਚ ਵਾਕਈ ਹੀ ਗੁਨਾਹਗਾਰ ਹਾਂ ਤਾਂ ਲੋਕਾਂ ਦੀ ਸਰਕਾਰ ਭਾਵੇਂ ਮੇਰਾ ਗੱਲ ਵੱਢ ਲਵੇ ਜਾਂ ਗੋਲ਼ੀ ਮਾਰ ਦੇਵੇ, ਜਿਵੇਂ ਉਹ ਠੀਕ ਸਮਝੇ ਕਰੇ।" ਜਦ ਉਸਨੂੰ ਸਬੂਤ ਦਿੱਤੇ ਗਏ ਤਾਂ ਫਿਰ ਉਹ ਮੁੱਕਰ ਨਾ ਸਕਿਆ ਤੇ ਕਹਿਣ ਲੱਗਾ, "ਉਹ, ਮੈਨੂੰ ਚੇਤਾ ਭੁੱਲ ਗਿਆ, ਮੈਂ ਮੌਤ ਦਾ ਭਾਗੀ ਹਾਂ। ਸਰਕਾਰ ਮੈਨੂੰ ਸਜ਼ਾ ਦੇਵੇ।" ਜਦੋਂ ਹੋਰ ਸਬੂਤ ਦਿੱਤੇ ਗਏ ਤਾਂ ਫਿਰ ਉਹੋ ਹੀ ਗੱਲਾਂ। ਉਹ ਹੌਂਕਾ ਲੈਂਦਾ,"ਹੋਰ ਕੋਈ ਨਹੀਂ। ਜੇਕਰ ਕੋਈ ਹੋਰ ਗੁਨਾਹ ਲੱਭੇ ਤਾਂ ਸਰਕਾਰ ਮੈਨੂੰ ਜੋ ਮਰਜੀ ਸਜ਼ਾ ਦੇਵੇ।"

ਕੁੱਝ ਇਕਨਾਂ ਨੇ ਸੋਚਿਆ ਇਸ ਆਦਮੀ ਦੇ ਸਾਰੇ ਗੁਨਾਹ ਲੱਭੇ ਗਏ ਹਨ, ਪੜਤਾਲ ਕਰਨ ਯੋਗ ਹੁਣ ਹੋਰ ਕੁੱਝ ਨਹੀਂ ਰਿਹਾ। ਚਿਆਂਗ ਜ਼ੂ-ਵਾਂਙ ਨਾ ਮੰਨਿਆ। "ਚੰਗਾ ਹੋਵੇ ਜੇ ਅਸੀਂ ਇਸ ਮਾਮਲੇ ਦੇ ਹੋਰ ਡੂੰਘਾਈ ਵਿੱਚ ਜਾਈਏ। ਉਹ ਅਜੇ ਵੀ ਲੁਕੋਅ ਰੱਖ ਰਿਹਾ ਹੈ ਅਤੇ ਕੀ ਅਸੀਂ ਸਭ ਕੁੱਝ ਲੱਭ ਲਿਆ ਹੈ ? ਸਾਨੂੰ ਏਡੀ ਛੇਤੀ ਉਸ ਵੱਲੋਂ ਕੀਤੇ ਇਕਬਾਲਾਂ ਉੱਤੇ ਵਿਸ਼ਵਾਸ ਨਹੀਂ ਕਰ ਲੈਣਾ ਚਾਹੀਦਾ।"

ਤਿੰਨਾਂ ਮਹੀਨਿਆਂ ਪਿੱਛੋਂ ਕਿਸੇ ਨੇ ਉਸ ਕੋਲ਼ੋਂ ਬਰੌਨਿੰਗ ਪਸਤੋਲ ਲੱਭ ਲਿਆ ਜਿਹੜਾ ਉਸ ਨੇ ਸਬਜ਼ੀ ਦੇ ਬਗੀਚੇ ਵਿੱਚ ਦੱਬਿਆ ਹੋਇਆ ਸੀ। ਇਸ ਗੱਲ ਦੇ ਸਾਹਮਣੇ

ਫਿਰ ਉਸ ਨੇ ਹੌਂਕੇ ਲਏ, "ਆਹ ਮੈਂ ਮੌਤ ਦਾ ਭਾਗੀ ਹਾਂ। ਮੈਂ ਇਸ ਨੂੰ ਇੱਥੇ ਦੱਬਿਆ ਸੀ, ਪਰ ਇਹੋ ਹੀ ਹੈ ਹੋਰ ਕੁਝ ਨਹੀਂ। ਸਰਕਾਰ ਮੇਰੇ ਨਾਲ਼ ਜੋ ਮਰਜੀ ਕਰੇ।" ਇਸ ਤਰ੍ਹਾਂ ਬਾਰ-ਬਾਰ ਇਉਂ ਹੋਇਆ। ਆਗੂ ਗਰੁੱਪ ਨੇ ਉਸ ਦੇ ਇਕਬਾਲਾਂ ਨੂੰ ਵਧੇਰੇ ਗੰਭੀਰਤਾ ਨਾਲ਼ ਨਹੀਂ ਲਿਆ, ਸਗੋਂ ਪੜਤਾਲ ਜਾਰੀ ਰੱਖੀ। ਉਹਨਾਂ ਇੱਕ ਛੁਰਾ ਤੇ ਕੁਝ ਅਸਲਾ ਲੱਭ ਲਿਆ।

ਜਮਾਤੀ ਘੋਲ਼ ਦੇ ਇਸ ਦੌਰ ਨੇ ਲੋਕਾਂ ਨੂੰ ਜਮਾਤੀ ਘੋਲ਼ ਦੀਆਂ ਗੁੰਝਲਦਾਰੀਆਂ ਸਮਝਣ ਵਿੱਚ ਸਹਾਇਤਾ ਕੀਤੀ ਅਤੇ ਇਸ ਨਾਲ਼ ਉਹਨਾਂ ਨੂੰ ਚੀਜ਼ਾਂ ਦੇ ਮੂਲ ਤੱਤ ਅਤੇ ਬਾਹਰੀ ਦਿੱਖ ਵਿਚਕਾਰ ਸਬੰਧਾਂ ਨੂੰ ਸਮਝਣ ਵਿੱਚ ਮਦਦ ਮਿਲੀ। ਉਹਨਾਂ ਨੇ ਜਮਾਤੀ ਸਫ਼ਾਂ ਦੇ ਨਿਤਾਰੇ ਦੀ ਲਹਿਰ ਨੂੰ ਅੱਗੇ ਵਧਾਇਆ ਤੇ ਕਈ ਹੋਰ ਜਮਾਤੀ ਦੁਸ਼ਮਣਾਂ ਨੂੰ ਨੰਗਿਆਂ ਕੀਤਾ।

## ਬਿਨਾਂ ਪੰਛੀ ਦੇਖਿਆਂ ਬੰਦੂਕ ਚੁੱਕੀ ਫਿਰਨਾ ਜਾਂ ਪੰਛੀ ਲੱਭਣਾ, ਪਰ ਬੰਦੂਕ ਹੋਣੀ ਨਾ

1970 ਦੀ ਬਸੰਤ ਰੁੱਤੇ ਇਨਕਲਾਬ-ਵਿਰੋਧੀਆਂ ਦੇ ਸਿਰ ਫਿਹਣ ਤੇ ਭ੍ਰਿਸ਼ਟਾਚਾਰ, ਚੋਰ-ਬਾਜ਼ਾਰੀ, ਸੱਟੇਬਾਜ਼ੀ, ਫਜ਼ੂਲ ਖ਼ਰਚੀ ਅਤੇ ਵਿਅਰਥ ਗੁਆਉਣ ਦੇ ਵਿਰੁੱਧ ਲਹਿਰ ਚੱਲੀ। ਜਨਤਕ ਬਹਿਸਾਂ ਨੇ ਜ਼ਾਹਿਰ ਕੀਤਾ ਕਿ ਕੁੱਝ ਸਾਥੀ ਨਿਹੱਕੇ ਹੀ ਤੱਸਲੀ ਦੇ ਰੌਂਅ ਵਿੱਚ ਸਨ ਅਤੇ ਉਹ ਪੁੱਛਦੇ ਕਿ ਕੀ ਇਸ ਬਰਗੇਡ ਵਿੱਚ ਕੋਈ ਇਹੋ ਜਿਹੀ ਚੀਜ਼ ਹੈ ਜਿਸ ਦੀ 'ਵਿਰੋਧਤਾ ਕੀਤੀ ਜਾਵੇ ਜਾਂ ਜਿਸ ਉੱਤੇ ਵਾਰ ਕੀਤਾ ਜਾਵੇ, ਕਿਉਂਕਿ ਇਹ ਇੱਕ ਬਹੁਤ ਅੱਗੇ ਵਧ ਚੁੱਕੀ ਇਕਾਈ ਸੀ ਜਿਸਦੀ ਲੀਡਰਸ਼ਿਪ ਤਕੜੇ ਕੇਂਦਰ ਵਾਲ਼ੀ ਸੀ ਅਤੇ ਚੰਗਾ ਜਨਤਕ ਆਧਾਰ ਸੀ। ਇੱਥੇ ਜਮਾਤੀ ਸਫ਼ਾਂ ਦਾ ਨਿਤਾਰਾ ਹੋ ਚੁੱਕਾ ਸੀ ਅਤੇ ਪ੍ਰੋਲੇਤਾਰੀ ਡਿਕਟੇਟਰਸ਼ਿਪ ਪੱਕੇ ਪੈਰੀਂ ਹੋ ਚੁੱਕੀ ਸੀ। ਸੋ, ਹੁਣ ਜਮਾਤੀ ਘੋਲ਼ ਨੂੰ ਜਾਰੀ ਰੱਖਣਾ "ਬਿਨਾਂ ਪੰਛੀ ਦੇਖਿਆ ਬੰਦੂਕ ਚੁੱਕੀ ਫਿਰਨ ਵਾਂਗ ਹੋਵੇਗਾ।"

ਤਦ ਚਿਆਂਗ ਕੈਨ-ਤੂ ਨੇ ਜਿਹੜਾ ਬਰਗੇਡ ਸ਼ਾਖ਼ਾ ਦਾ ਮੈਂਬਰ ਸੀ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਿੱਥੇ ਉਸ ਨੇ ਕਿਹਾ, "ਅਸੀਂ ਚਿੰਨ ਚੀਅਨ ਵਾਸੀ ਬਹਿਸ ਕਰਨ ਦੇ ਆਦੀ ਹਾਂ ਅਤੇ ਅਸੀਂ ਫ਼ਿਲਾਸਫ਼ੀ ਦਾ ਗਿਆਨ ਹਾਸਲ ਕਰਨ ਵਿੱਚ ਇੱਕ ਚੰਗਾ ਤਰੀਕਾ-ਬਹਿਸ-ਲੱਭਿਆ ਹੈ। ਜਦ ਵੀ ਕੋਈ ਸਮੱਸਿਆ ਖੜ੍ਹੀ ਹੁੰਦੀ ਹੈ ਤਾਂ ਲੋਕ ਪ੍ਰਧਾਨ ਮਾਓ ਦੀਆਂ ਫ਼ਿਲਾਸਫ਼ੀ ਦੀਆਂ ਰਚਨਾਵਾਂ ਦੀ ਰੌਸ਼ਨੀ ਵਿੱਚ ਇਸ ਦਾ ਵਿਸ਼ਲੇਸ਼ਣ ਕਰਦੇ ਸਨ ਤੇ ਇਹ ਸਾਫ਼ ਹੋ ਜਾਂਦੀ ਸੀ। ਅੱਜ ਅਸੀਂ ਇਸ ਗੱਲ ਉੱਤੇ ਬਹਿਸ ਕਰਾਂਗੇ ਕਿ ਕੀ ਇਹ ਕਹਿਣਾ ਠੀਕ ਹੈ ਜਾਂ ਗ਼ਲਤ ਕਿ ਅਸੀਂ ਬਿਨਾਂ ਕਿਸੇ ਪੰਛੀ ਤੋਂ ਬੰਦੂਕ ਚੱਕੀ ਫਿਰਦੇ ਹਾਂ। "

ਅੱਠਵੀਂ ਟੀਮ ਦਾ ਇੱਕ ਬਜ਼ੁਰਗ ਕਿਸਾਨ ਮੈਂਬਰ ਸਭ ਤੋਂ ਪਹਿਲਾਂ ਉੱਠਿਆ ਤੇ ਕਹਿਣ ਲੱਗਾ, "ਮੈਂ ਫ਼ਿਲਾਸਫ਼ੀ ਪੜ੍ਹਿਆ ਹੋਇਆ ਨਹੀਂ ਤੇ ਨਾ ਹੀ ਮੇਰੀ ਕੋਈ ਦਲੀਲ ਹੈ ਪਰ ਮੈਂ ਆਪਣੇ ਪੁੱਤਰ ਬਾਰੇ ਕੁੱਝ ਕਹਿਣਾ ਚਹਾਂਗਾ। ਉਹ ਨਵੇਂ ਸਮਾਜ ਵਿੱਚ ਪੈਦਾ ਹੋਇਆ ਸੀ, ਲਾਲ ਝੰਡੇ ਹੇਠ ਪਲ਼ਿਆ ਤੇ ਉਸ ਨੂੰ ਜਮਾਤੀ ਘੋਲ਼ ਦਾ ਕੁਝ ਪਤਾ ਨਹੀਂ

ਸੀ। ਉਹ ਕਹਿੰਦਾ ਹੈ ਕਿ ਜੇ ਉਹ ਕਿਸੇ ਸ਼ੇਰ ਨੂੰ ਮਾਰੇਗਾ ਤਾਂ ਉਹ ਜਿਉਂਦੇ ਨੂੰ ਹੀ ਮਾਰੇਗਾ, ਜੇ ਉਹਨੇ ਕੋਈ ਮੱਛੀ ਖਾਣੀ ਹੋਵੇਗੀ ਤਾਂ ਕੋਈ ਵੱਡੀ ਮੱਛੀ ਪਸੰਦ ਕਰੇਗਾ, ਪਰ ਹੁਣ ਕੁੱਝ ਵੀ ਮਾਰਨ ਲਈ ਨਹੀਂ ਕਿਉਂਕਿ ਸਭ ਸ਼ੇਰ ਮਰ ਚੁੱਕੇ ਹਨ," ਗੱਲ ਕਰਦੇ ਬੱਢੇ ਕਿਸਾਨ ਦਾ ਪਾਰਾ ਚੜ੍ਹਦਾ ਗਿਆ, "ਉਹ ਮੱਕਾਰ ਜੋ ਕੁੱਝ ਦਿਨ ਪਹਿਲਾਂ ਇੱਥੇ ਲੋਕਾਂ ਦੀ ਨਿਗਰਾਨੀ ਹੇਠ ਕੰਮ ਕਰਦਾ ਸੀ, ਕੁੱਝ ਦਿਨ ਪਹਿਲਾਂ ਮੇਰੇ ਪੁੱਤਰ ਕੋਲ਼ ਗਿਆ ਸੀ ਅਤੇ ਉਸ ਦੇ ਕੰਮ ਕਰਨ ਦੇ ਜੋਸ਼ ਨੂੰ ਠੰਡਾ ਕਰ ਰਿਹਾ ਸੀ। ਉਸ ਨੇ ਅਨਾਜ ਛੰਡਣ ਵਾਲੀ ਮਸ਼ੀਨ 'ਤੇ ਕੰਮ ਕਰਦੇ ਮੁੰਡੇ ਨੂੰ ਕਿਹਾ, "ਤੂੰ ਸਖ਼ਤ ਮਿਹਨਤ ਕਰਦਿਆਂ ਕਈ ਬੇਲਚੇ ਤੋੜੇ ਹਨ। ਤੇਰੀ ਸਾਲ ਦੀ ਮਿਹਨਤ ਨਾਲ਼ ਕਿੰਨੇ ਕੁ ਕਹੀਆਂ ਤੇ ਬੇਲਚੇ ਖ਼ਰੀਦੇ ਜਾ ਸਕਦੇ ਹਨ।" ਉਸ ਦੀਆਂ ਗੱਲਾਂ ਦੇ ਅਸਰ ਹੇਠ ਮੇਰੇ ਪੁੱਤਰ ਨੇ ਬੇਲਚਾ ਰੱਖ ਦਿੱਤਾ ਤੇ ਆਪਣਾ ਸਮਾਂ ਵਿਹਲੇ ਬੈਠ ਕੇ ਲੰਘਾ ਦਿੱਤਾ। ਇਸ ਤੋਂ ਇਲਾਵਾ ਉਹ ਕਹਿ ਰਿਹਾ ਸੀ ਕਿ, 'ਬਿਨਾਂ ਪੰਛੀ ਵੇਖੇ ਹੀ ਬੰਦੂਕ ਚੁੱਕੀ ਫਿਰਦਾ ਸੀ।' ਮੇਰੇ ਖ਼ਿਆਲ ਵਿੱਚ ਉਹਨੂੰ ਉਦੋਂ ਵੀ ਪਤਾ ਨਹੀਂ ਲੱਗਣਾ ਜਦੋਂ ਪੰਛੀ ਉਸ ਦੇ ਸਿਰ ਵਿੱਚ ਆ ਵੱਜੇਗਾ।" ਬੁੱਢੇ ਨੂੰ ਸਾਹ ਚੜ੍ਹ ਗਿਆ ਤੇ ਉਹ ਬੈਠ ਗਿਆ।

ਚਿਆਂਗ ਕੈਨ-ਤੂ ਨੇ ਟਿੱਪਣੀ ਕੀਤੀ ਕਿ ਬੁੱਢਾ ਕਿਸਾਨ ਠੀਕ ਸੀ। "ਬਹਿਸ ਤੋਂ ਸਾਡਾ ਭਾਵ ਤੱਥ ਸਾਹਮਣੇ ਲਿਆਉਣੇ, ਚੀਜ਼ਾਂ ਦੇ ਕਾਰਨ ਲੱਭਣੇ ਜਮਾਤੀ ਦੁਸ਼ਮਣਾਂ ਦੀਆਂ ਤਾਜ਼ਾ ਸਰਗਰਮੀਆਂ ਨੂੰ ਨੰਗਿਆ ਕਰਨਾ ਤੇ ਇਸ ਵਿਚਾਰ ਨੂੰ ਰੱਦ ਕਰਨਾ ਕਿ ਅਸੀਂ ਬਿਨਾਂ ਕਿਸੇ ਪੰਛੀ ਤੋਂ ਬੰਦੂਕ ਚੁੱਕੀ ਫਿਰਦੇ ਹਾਂ।"

ਇੱਕ ਔਰਤ ਉੱਠੀ ਤੇ ਕਹਿਣ ਲੱਗੀ,"ਮੈਂ ਚੰਦ ਗੱਲਾਂ ਕਹਿਣੀਆਂ ਚਾਹਾਂਗੀ। ਸਾਡੇ ਬਰਗੇਡ ਦੀ ਇੱਕ ਸਾਬਕਾ ਜਗੀਰਦਾਰ ਔਰਤ ਕੱਲ੍ਹ ਪੈਲ਼ੀਆਂ ਵਿੱਚ ਗਈ ਸੀ। ਉਸ ਨੇ ਕੁੱਝ ਚਿਰ ਕੰਮ ਕੀਤਾ ਫਿਰ ਰੁਕ ਗਈ ਤੇ ਅਰਾਮ ਕਰਨ ਲੱਗ ਪਈ ਤੇ ਥੋੜ੍ਹਾ ਹੋਰ ਕੰਮ ਕੀਤਾ। ਫਿਰ ਉਸ ਨੇ ਅਸਮਾਨ ਵੱਲ ਵੇਖਿਆ, ਹਉਕਾ ਲਿਆ ਤੇ ਆਪਣੇ-ਆਪ ਨੂੰ ਕਹਿਣ ਲੱਗੀ, "ਮੇਰੀ ਕਿਸਮਤ ਬਹੁਤ ਮਾੜੀ ਹੈ। ਜੇ ਇੱਦਾਂ ਨਾ ਹੁੰਦਾ ਤਾਂ ਮੈਂ ਹੁਣ ਇਥੇ ਮੁੜ੍ਹਕੋ-ਮੁੜ੍ਹਕੀ ਨਾ ਹੋਈ ਹੁੰਦੀ ; ਮੈਂ ਘਰੇ ਪੱਖੇ ਹੇਠ ਬੈਠੀ ਹੁੰਦੀ ਅਤੇ ਘਰ ਬੈਠਕੇ ਆਪਣੀਆਂ ਪੋਤਰੀਆਂ ਦੀ ਦੇਖਭਾਲ਼ ਕਰ ਰਹੀ ਹੁੰਦੀ।" ਦੇਖੋ ਹੁਣ ਉਹ ਸਾਬਕਾ ਜਗੀਰਦਾਰ ਔਰਤ ਸਰਮਾਏਦਾਰੀ ਮੁੜ ਬਹਾਲੀ ਕਰਨਾ ਚਾਹੁੰਦੀ ਹੈ, ਠੀਕ ਹੈ ਨਾ ? ਕੱਲ੍ਹ ਪੰਜਵੀ ਟੀਮ ਦੀਆਂ ਔਰਤਾਂ ਨੇ ਉਸ ਦੀ ਕਰੜੀ ਨੁਕਤਾਚੀਨੀ ਕੀਤੀ ਕਿ ਉਹ ਕਿਸਮਤ ਦੀਆਂ ਗੱਲਾਂ ਕਰਕੇ ਵਹਿਮਾਂ ਦਾ ਪ੍ਰਚਾਰ ਕਰ ਰਹੀ ਹੈ, ਜਦੋਂ ਕਿ ਇਮਾਨਦਾਰੀ ਨਾਲ਼ ਆਪਣੇ-ਆਪ ਨੂੰ ਸੁਧਾਰ ਨਹੀਂ ਰਹੀ। ਕੀ ਉਸ ਦੇ ਕਹਿਣ ਦਾ ਮਤਲਬ ਹੈ ਕਿ ਚੰਗੀ 'ਕਿਸਮਤ' ਵਾਲ਼ਾ ਆਦਮੀ ਦੂਜਿਆਂ ਨੂੰ ਲੁੱਟਦਾ ਰਹਿ ਸਕਦਾ ਹੈ ?"

ਮਗਰੋਂ ਬੋਲਣ ਵਾਲਿਆਂ ਨੇ ਵੀ ਜਮਾਤੀ ਦੁਸ਼ਮਣਾਂ ਨੂੰ ਇਸੇ ਤਰ੍ਹਾਂ ਨੰਗੇ ਕੀਤਾ ਚੌਥੀ ਟੀਮ ਦਾ ਕਮਿਊਨ ਮੈਂਬਰ ਉੱਠਿਆ ਤੇ ਕਹਿਣ ਲੱਗਾ, 'ਸਾਡੀ ਟੀਮ ਦਾ 'ਚੁੱਪ-ਚਪੀਤਾ ਕੁੱਤਾ' ਚਿਆਂਗ ਜ਼ੂ-ਲੂ ਪਾਗਲ ਹੋ ਗਿਆ ਹੈ ਅਤੇ ਉਹਨੇ ਆਪਣੇ ਦੰਦ ਦਿਖਾਏ ਹਨ। ਉਹ ਸਿਰਫ਼ ਲੋਕਾਂ ਦੀਆਂ ਨਜ਼ਰਾਂ ਤੋਂ ਹੀ ਨਹੀਂ ਬਚ ਸਕਿਆ, ਸਗੋਂ ਉਸ ਨੇ ਲੋਕਾਂ ਤੇ ਕਾਡਰਾਂ ਵਿਚਕਾਰ ਸਬੰਧਾਂ ਵਿੱਚ ਵੀ ਜ਼ਹਿਰ ਭਰੀ ਹੈ...।'

ਜਿਉਂ-ਜਿਉਂ ਦੁਸ਼ਮਣਾਂ ਦੇ ਪਰਦੇਫਾਸ਼ ਕੀਤੇ ਗਏ ਕਮਿਊਨ ਮੈਂਬਰਾਂ ਨੂੰ ਗੁੱਸਾ

ਚੜ੍ਹਦਾ ਗਿਆ। ਦੋਸ਼ ਲਗਦੇ ਗਏ ਤੇ ਸੌਂਹਾਂ ਖਾਧੀਆਂ ਗਈਆਂ। ਤੱਥਾਂ ਨੇ 'ਬਿਨਾਂ ਪੰਛੀ ਦੇਖਿਆਂ ਬੰਦੂਕ ਚੁੱਕੀ ਫਿਰਨ' ਦੇ ਝੂਠ ਨੂੰ ਰੱਦ ਕਰ ਦਿੱਤਾ।

ਫਿਰ ਚਿੰਨ ਚੀਅਨ ਬਰਗੇਡ ਦੀ ਪਾਰਟੀ ਸ਼ਾਖਾ ਦੇ ਮੈਂਬਰਾਂ ਨੇ ਇਹ ਮਹਿਸੂਸ ਨਾ ਕੀਤਾ ਕਿ ਬਹੁਤ ਕੁਝ ਕਰ ਲਿਆ ਗਿਆ ਹੈ। ਉਹ ਹਮੇਸ਼ਾ ਲੋਕਾਂ ਦੀ ਸੂਝ-ਬੂਝ ਨੂੰ ਸਮਝਦਾਰੀ ਨਾਲ਼ ਫ਼ਿਲਾਸਫ਼ੀ ਦੇ ਉੱਚੇ ਪੱਧਰ ਤੱਕ ਚੁੱਕ ਰਹੇ ਸਨ ਅਤੇ ਅਮਲੀ ਘੋਲ਼ ਦੀ ਰੌਸ਼ਨੀ ਵਿੱਚ ਫ਼ਿਲਾਸਫ਼ੀ ਦੀ 'ਘੋਖ਼-ਪੜਤਾਲ' ਕਰਦੇ ਸਨ। ਚਿਆਂਗ ਕੈਨ-ਤੂ ਨੇ ਪ੍ਰਧਾਨ ਮਾਓ ਦੀ ਇਹ ਟੂਕ ਸਮਝਣ ਵਿਚ ਸਾਥੀਆਂ ਦੀ ਅਗਵਾਈ ਕੀਤੀ ਕਿ **"ਵਿਰੋਧਤਾਈ ਸਰਵ-ਵਿਆਪੀ ਅਤੇ ਸਦੀਵੀਂ ਹੈ। ਇਹ ਸਭ ਚੀਜ਼ਾਂ ਦੀ ਵਿਕਾਸ ਕਿਰਿਆ ਵਿੱਚ ਮੌਜੂਦ ਹੈ ਅਤੇ ਹਰ ਇੱਕ ਵਿਕਾਸ-ਕਿਰਿਆ ਦੇ ਆਦਿ ਤੋਂ ਅੰਤ ਤੱਕ ਸਮਾਈ ਰਹਿੰਦੀ ਹੈ।"**

ਕੈਨ-ਤੂ ਨੇ ਅੱਗੇ ਕਿਹਾ, "ਹਰ ਆਦਮੀ ਵਿਰੋਧਤਾਈ ਦੇ ਸਰਬ-ਵਿਆਪੀ ਹੋਣ ਬਾਰੇ ਗੱਲਾਂ ਤਾਂ ਕਰ ਸਕਦਾ ਹੈ, ਪਰ ਗੱਲਾਂ ਕਰਨਾ ਹੋਰ ਚੀਜ਼ ਹੈ ਤੇ ਅਮਲ ਕਰਨਾ ਹੋਰ ਚੀਜ਼। ਇੱਕ ਥਾਂ 'ਤੇ ਚੰਗੀ ਤਰ੍ਹਾਂ ਲਾਗੂ ਕਰ ਲੈਣ ਦਾ ਮਤਲਬ, ਕਿਸੇ ਹੋਰ ਥਾਂ ਵੀ ਚੰਗੀ ਤਰ੍ਹਾਂ ਲਾਗੂ ਕਰ ਲੈਣਾ ਨਹੀਂ ਹੁੰਦਾ। ਕੱਲ੍ਹ ਲਾਗੂ ਕਰਨ ਦੇ ਯੋਗ ਹੋਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਅੱਜ ਵੀ ਇਸ ਦੇ ਯੋਗ ਹੋ। ਅਜਿਹੇ ਕੁੱਝ ਲੋਕ ਹਨ ਜੋ ਵਿਰੋਧਤਾਈ ਦੇ ਸਰਬ-ਵਿਆਪੀ ਹੋਣ ਬਾਰੇ ਗੱਲਾਂ ਤਾਂ ਕਰਦੇ ਹਨ ਪਰ ਉਸੇ ਵੇਲੇ ਉਸ ਉੱਨਤ ਬਰਗੇਡ ਵਿੱਚ ਮੌਜੂਦ ਵਿਰੋਧਤਾਈਆਂ ਦੀ ਸ਼ਨਾਖਤ ਕਰਨ ਤੋਂ ਮੁੱਕਰ ਜਾਂਦੇ ਹਨ। ਜਮਾਤੀ ਸਮਾਜ ਵਿੱਚ ਜਮਾਤੀ ਵਿਰੋਧਤਾਈਆਂ ਕਿੱਥੇ ਨਹੀਂ ਹਨ, ਜਮਾਤੀ ਘੋਲ਼ ਕਿੱਥੇ ਨਹੀਂ ਹੈ ? ਉਹ ਸਾਥੀ, ਜੋ ਕਹਿੰਦੇ ਹਨ ਕਿ ਉਹ "ਬਿਨਾਂ ਪੰਛੀ ਦੇਖਿਆਂ ਬੰਦੂਕ ਚੁੱਕੀ ਫਿਰਦੇ ਹਨ" ਕੀ ਅਸਲ ਵਿੱਚ ਉਹਨਾਂ ਨੇ ਬੰਦੂਕ ਚੁੱਕੀ ਹੋਈ ਹੈ ਵੀ ਕਿ ਨਹੀਂ ? ਬਿਲਕੁਲ ਨਹੀਂ। ਕਹਿੰਦੇ ਤਾਂ ਉਹ ਹਨ ਕਿ ਉਹ ਬੰਦੂਕ ਚੁੱਕੀ ਫਿਰਦੇ ਹਨ, ਪਰ ਅਸਲ ਵਿੱਚ ਉਹ ਇਸ ਨੂੰ ਕਦੋਂ ਦੀ ਸੁੱਟ ਚੁੱਕੇ ਹਨ।"

ਕੈਨ-ਤੂ ਦੇ ਵਿਸ਼ਲੇਸ਼ਣ ਨੇ ਵਿਰੋਧਤਾਈਆਂ ਦੀ ਸਰਬ-ਵਿਆਪਕਤਾ ਬਾਰੇ ਸਾਥੀਆਂ ਦੀ ਸਮਝ ਨੂੰ ਡੂੰਘਿਆਂ ਕੀਤਾ ਅਤੇ ਇਸ ਤਰ੍ਹਾਂ ਬਹਿਸ ਜਾਨਦਾਰ ਤੇ ਤਿੱਖੀ ਹੋ ਗਈ।

"ਮੇਰੇ ਖ਼ਿਆਲ ਵਿੱਚ ਅਗਾਂਹਵਧੂ ਬਰਗੇਡ ਇਸ ਕਰਕੇ ਅਗਾਂਹਵਧੂ ਨਹੀਂ ਕਿ ਉੱਥੇ ਜਮਾਤੀ ਘੋਲ਼ ਨਹੀਂ, ਸਗੋਂ ਇਸ ਕਰਕੇ ਹੈ ਕਿ ਇਹ ਜਮਾਤੀ ਘੋਲ਼ ਨੂੰ ਚੇਤੰਨ ਤੌਰ 'ਤੇ ਗ੍ਰਹਿਣ ਕਰਦਾ ਹੈ।"

"ਹਾਂ, ਇਹ ਗੱਲ ਹੈ! ਕੋਈ ਬਰਗੇਡ ਜਮਾਤੀ ਘੋਲ਼ ਨੂੰ ਗ੍ਰਹਿਣ ਕੀਤੇ ਬਿਨਾਂ ਅੱਗੇ-ਵਧੂ ਕਿਵੇਂ ਹੋ ਸਕਦਾ ਹੈ।"

"ਸਮੁੱਚੇ ਤੌਰ 'ਤੇ ਲਿਆਂ ਸਾਡੇ ਬਰਗੇਡ ਵਿੱਚ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਪੱਕੇ ਪੈਰਾਂ 'ਤੇ ਹੈ, ਪਰ ਕਈ ਥਾਂ ਅਜਿਹੇ ਰਹਿਣੇ ਹਨ ਜਿੱਥੇ ਇਹ ਪੱਕੇ ਪੈਰੀਂ ਹੈ ਵੀ ਨਹੀਂ। ਇੱਕ ਚੀਜ਼ ਹਮੇਸ਼ਾ ਦੋ ਵਿੱਚ ਵੰਡੀ ਜਾਂਦੀ ਹੈ।"

ਹੌਲੀ-ਹੌਲੀ ਲੋਕ ਇਹਨਾਂ ਲੀਹਾਂ ਤੇ ਗੱਲਾਂ ਕਰਨ ਲੱਗੇ ਸਨ। ਗਰੀਬ ਤੇ

ਹੇਠਲੇ-ਦਰਮਿਆਨੇ ਕਿਸਾਨਾਂ ਨੇ ਕਿਹਾ, "ਜਦੋਂ ਸ਼ਹਿਦ ਦੀ ਮੱਖੀ ਮਰ ਜਾਂਦੀ ਹੈ ਤਾਂ ਇਸਦਾ ਡੰਗ ਫਿਰ ਲੋਕਾਂ ਨੂੰ ਜ਼ਹਿਰ ਚਾੜ੍ਹਦਾ ਹੈ, ਜਦੋਂ ਸੱਪ ਮਰ ਜਾਂਦਾ ਹੈ ਇਹ ਵਿਹੁ ਘੋਲ਼ਦਾ ਹੈ ਅਤੇ ਇਸ ਦੀ ਪੂਛ ਸੱਤ ਵਲ਼ ਖਾ ਜਾਂਦੀ ਹੈ, ਜਦੋਂ ਕਿਸੇ ਜਮਾਤੀ ਦੁਸ਼ਮਣ ਨੂੰ ਲਾਹ ਦਿੱਤਾ ਜਾਂਦਾ ਹੈ, ਉਹ ਤਾਂ ਵੀ ਹਾਲੇ ਆਖ਼ਰੀ ਦਮ ਤੱਕ ਲੜਾਈ ਲੜਨਾ ਚਾਹੁੰਦਾ ਹੈ। ਜਮਾਤੀ ਘੋਲ਼ ਨੂੰ ਹਰ ਸਾਲ, ਹਰ ਮਹੀਨੇ, ਹਰ ਰੋਜ਼ ਗ੍ਰਹਿਣ ਕਰਨਾ ਚਾਹੀਦਾ ਹੈ, ਇਸ ਨੂੰ ਇੱਕ ਪਲ ਲਈ ਵੀ ਢਿੱਲ ਨਹੀਂ ਦਿੱਤੀ ਜਾਣੀ ਚਾਹੀਦੀ।"

ਬਹਿਸ ਨੇ ਪ੍ਰਧਾਨ ਮਾਓ ਦੇ ਫ਼ਿਲਾਸਫ਼ੀ ਦੇ ਵਿਚਾਰਾਂ ਨੂੰ ਲੋਕਾਂ ਦਿਆਂ ਦਿਲਾਂ ਵਿੱਚ ਬਿਠਾ ਦਿੱਤਾ ਹੈ ਅਤੇ ਉਹਨਾਂ ਨੇ ਰੋਸ਼ਨ ਦਿਮਾਗ ਨਾਲ਼ ਉਲਟ-ਇਨਕਲਾਬੀਆਂ ਦੇ ਸਿਰ ਫਿਹਣ ਲਈ ਅਤੇ ਭ੍ਰਿਸ਼ਟਾਚਾਰ ਤੇ ਚੋਰੀ, ਸੱਟੇਬਾਜ਼ੀ, ਫਜ਼ੂਲ-ਖ਼ਰਚੀ ਅਤੇ ਚੀਜ਼ਾਂ ਵਿਅਰਥ ਗੁਆਉਣ ਵਿਰੁੱਧ ਲਹਿਰ ਨੂੰ ਡੂੰਘਿਆ ਕੀਤਾ ਤੇ ਫ਼ੈਲਾਇਆ।

***

# ਅਧਿਐਨ ਤੇ ਅਮਲ ਵਿੱਚ ਆਗੂ ਅਗਵਾਈ ਕਰਦੇ ਹਨ
# ਪਾਰਟੀ ਸ਼ਾਖਾ ਦਾ ਸਕੱਤਰ ਜੋ ਫ਼ਿਲਾਸਫ਼ੀ ਦਾ ਅਧਿਐਨ ਕਰਦਾ ਤੇ ਇਸ ਨੂੰ ਲਾਗੂ ਕਰਦਾ ਹੈ

ਲੋਕਾਂ ਦਾ ਕਹਿਣਾ ਹੈ ਕਿ ਬਰਗੇਡ ਪਾਰਟੀ ਸ਼ਾਖਾ ਦਾ ਸਕੱਤਰ ਚਿਆਂਗ ਜ਼ੂ-ਵਾਂਙ ਫ਼ਿਲਾਸਫ਼ੀ ਚੰਗੀ ਤਰ੍ਹਾ ਘੋਖ਼ ਪੜਤਾਲ ਕਰਦਾ ਹੈ। ਉਹ ਤਿੰਨ ਮਹਾਨ ਇਨਕਲਾਬੀ ਲਹਿਰਾਂ ਭਾਵ ਜਮਾਤੀ ਘੋਲ਼, ਪੈਦਾਵਾਰ ਲਈ ਘੋਲ਼ ਅਤੇ ਵਿਗਿਆਨਕ ਤਜ਼ਰਬਿਆਂ ਅੰਦਰ ਇੱਕ ਦੀ ਦੋ ਵਿੱਚ ਵੰਡ ਦੇ ਦਵੰਦਵਾਦੀ-ਪਦਾਰਥਵਾਦੀ ਸੰਕਲਪ ਨੂੰ ਅਮਲ ਵਿੱਚ ਲਾਗੂ ਕਰਨ ਦਾ ਮਾਹਰ ਹੈ। ਉਹ ਵੱਖੋ-ਵੱਖ ਗੁੰਝਲਦਾਰ ਵਿਰੋਧਤਾਈਆਂ ਦਾ ਠੀਕ ਤੌਰ 'ਤੇ ਵਿਸ਼ਲੇਸ਼ਣ ਕਰਨ ਅਤੇ ਉਹਨਾਂ ਨੂੰ ਨਜਿੱਠਣ ਲਈ ਦੋ ਲੀਹਾਂ ਵਿਚਕਾਰ ਘੋਲ਼ ਦੀ ਕੇਂਦਰੀ ਕੜੀ ਨੂੰ ਬੁੱਝਣ ਵਿੱਚ ਚੰਗਾ ਮਾਹਰ ਹੈ ਅਤੇ ਖ਼ੁਦ ਆਪਣੇ ਸੰਸਾਰ ਦ੍ਰਿਸ਼ਟੀਕੋਣ ਨੂੰ ਢਾਲ਼ਣ ਵਿੱਚ ਫ਼ਲਸਫ਼ੇ ਦੇ ਤੇਜ਼ਧਾਰ ਹਥਿਆਰ ਨੂੰ ਵਰਤਣ ਵਿੱਚ ਚੰਗਾ ਮਾਹਿਰ ਹੈ।

1969 ਦੇ ਅਖੀਰ ਵਿੱਚ ਬਰਗੇਡ ਨੂੰ ਮਾਓ ਵਿਚਾਰਧਾਰਾ ਦੀ ਤਾਲੀਮ ਹਾਸਲ ਕਰਨ ਵਿੱਚ ਉੱਨਤ ਇਕਾਈ ਕਰਾਰ ਦਿੱਤਾ ਗਿਆ ਤੇ ਸਾਰੇ ਸੂਬੇ ਨੂੰ ਇਸ ਦੇ ਪਾਏ ਪੂਰਨਿਆਂ ਉੱਤੇ ਚੱਲਣ ਲਈ ਕਿਹਾ ਗਿਆ। ਬਰਗੇਡ ਦੇ ਕੁੱਝ ਕਾਰਕੁੰਨਾਂ ਨੇ ਸੋਚਿਆ, ਜਦ ਬਰਗੇਡ ਦੇ ਆਗੂ ਨਵੇਂ ਹਨ ਅਤੇ ਬਰਗੇਡ ਇੱਕ ਅਗਾਂਹਵਧੂ ਇਕਾਈ ਹੈ ਤਾਂ ਦੋ ਲੀਹਾਂ ਵਿਚਕਾਰ ਘੋਲ਼ ਕਿੱਥੇ ਹੋਇਆ? ਲੋਕ ਚਿੰਨ ਚੀਅਨ ਬਰਗੇਡ ਤੋਂ ਸਿੱਖਣ ਲਈ ਆਉਂਦੇ ਪਰ ਆਉਣ ਵਾਲਿਆਂ ਵਿੱਚੋਂ ਕੁੱਝ ਨੇ ਟਿੱਪਣੀ ਵੀ ਕੀਤੀ ਕਿ ਬਰਗੇਡ ਫ਼ਿਲਾਸਫ਼ੀ ਦੀ ਤਾਲੀਮ ਹਾਸਲ ਕਰਨ ਵਿੱਚ ਤਾਂ ਠੀਕ ਚੱਲ ਰਿਹਾ ਸੀ ਪਰ ਉਤਪਾਦਨ ਵਿੱਚ ਬਹੁਤ ਵਧੀਆ ਨਹੀਂ ਸੀ। ਇਹਨਾਂ ਟਿੱਪਣੀਆਂ ਨੇ ਚਿਆਂਗ ਜ਼ੂ-ਵਾਂਙ ਨੂੰ ਫ਼ਿਕਰਾਂ ਵਿੱਚ ਪਾ ਦਿੱਤਾ।

ਉਸ ਨੇ ਵੇਖਿਆ ਕਿ ਇੱਕ ਅਗਾਂਹਵਧੂ ਟੋਲੀ ਦੀ ਝੋਨੇ ਦੀ ਪਨੀਰੀ ਠੀਕ ਤਰ੍ਹਾਂ ਨਹੀਂ ਸੀ ਪਲ ਰਹੀ ਤੇ ਉਹਨੇ ਆਗੂ ਦੀ ਨੁਕਤਾਚੀਨੀ ਕੀਤੀ। ਉਸ ਨੇ ਆਗੂ ਨੂੰ ਜਿਹੜਾ ਆਪਣੀ ਟੋਲੀ ਤੋਂ ਅਗਾਂਹਵਧੂ ਹੋਣ ਦਾ ਸਨਮਾਨਤ ਤਗਮਾ ਖੁੱਸ ਜਾਣ ਦੀ ਚਿੰਤਾ ਵਿੱਚ ਸੀ, ਕਿਹਾ, "ਤੁਹਾਡੀ ਟੋਲੀ ਨੂੰ ਪੈਦਾਵਾਰ ਵਿੱਚ ਬਿਹਤਰ ਉੱਨਤੀ ਕਰਨੀ ਹੋਵੇਗੀ।" ਉਤਪਾਦਨ ਵਧਾਉਣ ਦੀ ਉਤਸੁਕਤਾ ਨਾਲ਼ ਹੀ ਉਹਨੇ ਬਾਹਰਮੁਖੀ ਹਾਲਤਾਂ ਦਾ ਖ਼ਿਆਲ ਰੱਖੇ ਬਗੈਰ ਹੋਰ ਵਧੇਰੇ ਖਾਦ ਵਰਤਣ ਲਈ ਕਹਿ ਦਿੱਤਾ। ਨਤੀਜੇ ਦੇ ਤੌਰ 'ਤੇ ਫ਼ਸਲ ਡਿੱਗ ਪਈ ਤੇ ਝਾੜ ਬਹੁਤਾ ਨਾ ਵਧਿਆ। ਬਰਗੇਡ ਨੇ ਲੋਕਾਂ ਤੋਂ ਪੁੱਛਿਆ ਕਿ ਉਹ ਇਸ ਦਾ ਕਾਰਨ ਕੀ ਸਮਝਦੇ ਹਨ? ਇੱਕ ਕਿਸਾਨ ਨੇ ਸਲਾਹ ਦਿੱਤੀ ਕਿ ਆਗੂ ਟੋਲੀ ਨੂੰ ਆਪਣੇ ਅੰਦਰ ਵਿਰੋਧਤਾਈਆਂ ਵੱਲ ਨਜ਼ਰ ਮਾਰਨੀ ਚਾਹੀਦੀ ਹੈ। ਇਸ ਨੇ ਚਿਆਂਗ ਜ਼ੂ-ਵਾਂਙ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ, ਉਹਨੂੰ ਭਾਸਿਆ ਕਿ ਉਹ ਖ਼ੁਦ ਵੀ ਇਸ ਦਾ ਜ਼ਿੰਮੇਵਾਰ ਸੀ। ਕੁੱਝ ਸਮੇਂ ਤੋਂ ਉਸ ਨੂੰ ਇਹ ਭਰਮ ਸੀ ਕਿ ਉਸ ਨੇ ਸਿਆਸੀ ਕੰਮ ਚੰਗਾ ਕਰ ਲਿਆ ਹੈ ਸੋ, ਉਤਪਾਦਨ ਵੱਲ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ।

ਇਸ ਤਰ੍ਹਾਂ ਉਸ ਨੇ ਸਿਆਸੀ ਕੰਮ ਵਿੱਚ ਢਿੱਲ ਪਾ ਦਿੱਤੀ ਅਤੇ ਅਸਲ ਵਿੱਚ, ਇਹੋ ਹੀ ਕਾਰਨ ਸੀ। ਵਿਚਾਰ-ਵਟਾਂਦਰਿਆਂ ਰਾਹੀਂ ਚਿਆਂਗ ਜ਼ੂ-ਵਾਂਙ ਅਤੇ ਉਸ ਦੇ ਸਾਥੀਆਂ ਨੂੰ ਹੋਰ ਵੀ ਵਧੇਰੇ ਚੰਗੀ ਤਰ੍ਹਾਂ ਪਤਾ ਲੱਗ ਗਿਆ ਕਿ ਉਤਪਾਦਨ ਅਤੇ ਸਿਆਸਤ ਵਿਚਕਾਰ ਕੀ ਸਬੰਧ ਸੀ। ਉਤਪਾਦਨ, ਜਿਸ ਨੂੰ ਗ੍ਰਹਿਣ ਕਰਨਾ ਹੈ, ਸਿਆਸਤ ਦੀ ਅਗਵਾਈ ਹੇਠ ਰਹਿਣਾ ਚਾਹੀਦਾ ਹੈ। ਇਹੋ ਹੀ ਠੀਕ ਰਾਹ ਹੈ। ਸਿਰਫ਼ ਆਪਣਾ ਮਾਣ-ਤਾਣ ਵਧਾਉਣ ਲਈ ਉਤਪਾਦਨ ਵਧਾਉਣਾ, "ਉਤਪਾਦਨ ਨੂੰ ਮੂਹਰੇ ਰੱਖਣ" ਦਾ ਇਜ਼ਹਾਰ ਹੈ, ਜਿਸ ਦਾ ਲਾਜ਼ਮੀ ਨਤੀਜਾ ਸਿਆਸਤ ਅਤੇ ਉਤਪਾਦਨ ਵਿੱਚ ਪਿੱਛੇ ਰਹਿ ਜਾਣ ਵਿੱਚ ਨਿਕਲੇਗਾ।

ਚਿਆਂਗ ਜ਼ੂ ਵਾਂਙ ਤੇ ਪਾਰਟੀ ਦੇ ਦੂਸਰੇ ਸਾਥੀਆਂ ਨੇ ਪਿਛਲੇ ਸਾਲਾਂ ਵਿੱਚ ਫ਼ਿਲਾਸਫ਼ੀ ਦੀ ਤਾਲੀਮ ਹਾਸਲ ਕਰਨ ਵਿੱਚ ਜਨਤਾ ਦੀ ਅਗਵਾਈ ਕਰਦਿਆਂ ਤਾਲੀਮ ਹਾਸਲ ਕਰਨ ਦੇ ਕਈ ਚੰਗੇ ਢੰਗ-ਤਰੀਕੇ ਲੱਭੇ ਹਨ ਅਤੇ ਤਜ਼ਰਬੇ ਹਾਸਲ ਕੀਤਾ ਹੈ, ਜਿਹਨਾਂ ਵਿੱਚ ਬਹਿਸਾਂ ਤੇ ਘੋਖ਼-ਪੜਤਾਲ ਦੌਰਾਨ ਤਜ਼ਰਬਿਆਂ ਦੀ ਤੁਲਨਾ ਸ਼ਾਮਿਲ ਹੈ। ਬਹਿਸਾਂ ਅਕਸਰ ਉਦੋਂ ਕੀਤੀਆਂ ਜਾਂਦੀਆਂ ਜਦੋਂ ਵੱਖੋ-ਵੱਖਰੇ ਵਿਚਾਰ ਪੇਸ਼ ਕੀਤੇ ਜਾਂਦੇ ਹਨ ਅਤੇ ਉਹਨਾਂ ਦੀ ਪ੍ਰੌੜ੍ਹਤਾ ਮਾਓ ਦੀਆਂ ਰਚਨਾਵਾਂ, "**ਵਿਰੋਧਤਾਈਆਂ ਬਾਰੇ**" "**ਅਮਲ ਬਾਰੇ**" ਅਤੇ ਹੋਰਨਾਂ ਰਚਨਾਵਾਂ ਵਿੱਚੋਂ ਪੈਰ੍ਹਿਆਂ ਨਾਲ਼ ਕੀਤੀ ਜਾਂਦੀ ਹੈ। ਇਹੋ ਜਿਹੀਆਂ ਮੀਟਿੰਗਾਂ ਏਨੀਆਂ ਸੁਆਦਲੀਆਂ ਹੁੰਦੀਆਂ ਹਨ ਕਿ ਕੋਈ ਕਿਸੇ ਸੁਆਲ ਨੂੰ ਅਗਲੀ ਮੀਟਿੰਗ ਉੱਤੇ ਛੱਡਣਾ ਚਾਹੁੰਦਾ ਭਾਵੇਂ ਮੀਟਿੰਗ ਕਿੰਨੀ ਵੀ ਦੇਰ ਰਾਤ ਤੱਕ ਕਿਉਂ ਨਾ ਚੱਲਦੀ ਰਹੇ। ਚਿਆਂਗ ਜ਼ੂ- ਵਾਂਙ ਤੇ ਸਾਥੀਆਂ ਨੇ ਪਿੱਛੋਂ ਸਿੱਟਾ ਕੱਢਿਆ ਕਿ ਅਜਿਹੀਆਂ ਬਹਿਸਾਂ ਕਮਿਊਨ ਮੈਂਬਰਾਂ ਦੀ ਸਮਝ ਵਧਾਉਣ ਵਿੱਚ ਅਤੇ ਕਈ ਚੰਗੇ ਵਿਚਾਰ ਮੁਹੱਇਆ ਕਰਨ ਵਿੱਚ ਸਹਾਈ ਸਿੱਧ ਹੋਇਆਂ ਸਨ। ਜਦੋਂ ਕਦੇ ਉਹਨਾਂ ਨੂੰ ਕੋਈ ਗੰਝਲਦਾਰ ਸਮੱਸਿਆ ਪੇਸ਼ ਆਉਂਦੀ ਤਾਂ ਉਹ ਕਹਿੰਦੇ, "ਅੱਛਾ, ਹੁਣ ਅਸੀਂ ਮਾਮਲੇ ਉੱਤੇ ਵਿਚਾਰ ਕਰਨ ਲਈ ਮੀਟਿੰਗ ਕਦੋਂ ਸੱਦਾਂਗੇ?" ਇਹਨਾਂ ਵਿੱਚ ਵੱਖ-ਵੱਖ ਟੋਲੀਆਂ ਵੱਲੋਂ ਚੁਣੇ ਹੋਏ ਨੁਮਾਇੰਦੇ ਅਤੇ ਵੱਖ-ਵੱਖ ਵਿਚਾਰ ਰੱਖਣ ਵਾਲ਼ੇ ਮੁੱਖ ਬੁਲਾਰਿਆਂ ਨੂੰ ਹੀ ਅੱਗੇ ਲਾਇਆ ਜਾਂਦਾ, ਜਦ ਕਿ ਹੋਰ ਬੈਠੇ ਸੁਣਦੇ ਰਹਿੰਦੇ ਜਾਂ ਜੋ ਕੁਝ ਉਹਨਾਂ ਦੇ ਬੁਲਾਰੇ ਨੁਮਾਇੰਦੇ ਛੱਡ ਜਾਂਦੇ ਉਹ ਦੱਸ ਦਿੰਦੇ। ਇਸ ਤਰ੍ਹਾਂ ਕਈ ਸਮੱਸਿਆਵਾਂ ਹੱਲ ਕੀਤੀਆਂ ਜਾਂਦੀਆਂ ਹਨ। ਬਹਿਸ ਅਧੀਨ ਸੁਆਲ ਦਾ ਤੁਅੱਲਕ ਬਹੁਗਿਣਤੀ ਨਾਲ਼ ਜ਼ਰੂਰ ਹੋਣਾ ਚਾਹੀਦਾ ਹੈ।

ਬਰਗੇਡ ਦਾ ਫ਼ਿਲਾਸਫ਼ੀ ਦੀ ਘੋਖ਼ ਕਰਨ ਵਾਲ਼ਾ ਗਰੁੱਪ ਜਥੇਬੰਦ ਕਰਦਿਆਂ ਜਿਸ ਦਾ ਧੁਰਾ ਪਾਰਟੀ ਸ਼ਾਖ਼ਾ ਹੈ, ਚਿਆਂਗ ਜ਼ੂ-ਵਾਂਙ ਬਰਗੇਡ ਦੇ ਕਰਤਾ-ਧਰਤਾ ਮੈਂਬਰਾਂ ਦੇ ਰੋਲ ਨੂੰ ਵਰਤੋਂ ਵਿੱਚ ਲਿਆਉਣ ਵਿੱਚ ਵੀ ਮਾਹਰ ਹੈ। ਇਸ ਵਿੱਚ ਬਰਗੇਡ ਕਾਰਕੁੰਨਾਂ ਦੇ ਲਿਖਾਰੀਆਂ ਦਾ ਇੱਕ ਗਰੁੱਪ ਹੈ, ਜਿਸ ਵਿੱਚ 20 ਤੋਂ ਵੱਧ ਹੰਢੇ-ਵਰਤੇ ਗਰੀਬ ਕਿਸਾਨ ਅਤੇ ਨੌਜਵਾਨ ਬੱਧੀਜੀਵੀ ਸ਼ਾਮਿਲ ਹਨ। ਉਹ ਮਿਡਲ ਸਕੂਲ ਦੇ ਤਿੰਨ ਬੀ. ਏ. ਪਾਸ ਪਾੜ੍ਹੇ, ਜਿਹਨਾਂ ਨੂੰ ਪਾਰਟੀ ਸ਼ਾਖ਼ਾ ਨੇ 1964 ਵਿੱਚ ਫ਼ਿਲਾਸਫ਼ੀ ਦੇ ਸਕੂਲ ਲਈ ਸਿਖ਼ਲਾਈ ਦੇਣ ਵਾਸਤੇ ਸੱਦਿਆ ਸੀ, ਵੀ ਇਸ ਲਿਖਾਰੀ ਗਰੁੱਪ ਵਿੱਚ ਸ਼ਾਮਲ ਹੋ ਗਏ

ਅਤੇ ਪਾਰਟੀ ਸ਼ਾਖਾ ਅਤੇ ਗਰੀਬ ਹੇਠਲੇ-ਦਰਮਿਆਨੇ ਕਿਸਾਨਾਂ ਦੀ ਮਦਦ ਨਾਲ਼ ਉਹਨਾਂ ਨੇ ਸਹਿਜੇ-ਸਹਿਜੇ ਪੁਰਾਣੀ ਵਿੱਦਿਆ ਦੇ ਅਸਰ ਨੂੰ ਤਿਆਗ ਦਿੱਤਾ ਅਤੇ ਸਿੱਖ ਲਿਆ ਕਿ ਸਿਧਾਂਤ ਨੂੰ ਅਮਲ ਨਾਲ਼ ਅਵੱਸ਼ ਜੋੜਨਾ ਚਾਹੀਦਾ ਹੈ। ਇਸ ਤਰ੍ਹਾਂ ਉਹਨਾਂ ਨੇ ਵਾਹਵਾ ਤਰੱਕੀ ਕਰ ਲਈ। ਇਸ ਲਿਖਾਰੀਆਂ ਦੇ ਗਰੁੱਪ ਨੇ ਪੜ੍ਹਨ-ਵਾਚਣ ਅਤੇ ਸਿਖ਼ਲਾਈ ਦੇਣ ਵਿੱਚ ਅਤੇ ਨਾਲ਼ ਹੀ ਨਾਲ਼ ਲਿਖਣ ਦੇ ਕੰਮ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ। 1964 ਤੋਂ ਹੁਣ ਤੱਕ ਇਸ ਨੇ 200 ਤੋਂ ਵੱਧ ਲਿਖਤਾਂ ਲਿਖੀਆਂ ਹਨ ਜਿਹਨਾਂ ਵਿੱਚੋਂ ਬਹੁਤ ਸਾਰੀਆਂ ਅਖ਼ਬਾਰਾਂ ਵਿੱਚ ਛਪੀਆਂ ਹਨ।

## ਤਾਈ ਸਿਆਂਗ-ਮੀ ਦੰਵਦਵਾਦ ਦਾ ਅਧਿਐਨ ਕਰਦੀ ਹੈ

ਚਿੰਨ ਚੀਅਨ ਉਤਪਾਦਨ ਬਰਗੇਡ ਦੀ ਪਾਰਟੀ ਸ਼ਾਖ਼ਾ ਦੀ ਡਿਪਟੀ ਸੱਕਤਰ ਤਾਈ ਸਿਆਂਗ-ਮੀ ਨੇ ਜਗੀਰਦਾਰੀ ਜਮਾਤ ਦੇ ਦਾਬੇ ਅਤੇ ਲੁੱਟ-ਖਸੁੱਟ ਕਰਕੇ ਬਹੁਤ ਦੁੱਖੜੇ ਝੱਲੇ ਸਨ ਅਤੇ ਪੁਰਾਣੇ ਸਮਾਜ ਵਿੱਚ ਉਸ ਦੇ ਕੌੜੇ ਤਜ਼ਰਬੇ ਨੇ ਉਸ ਨੂੰ ਜਮਾਤੀ ਦੁਸ਼ਮਣ ਨਾਲ਼ ਬਹੁਤ ਨਫ਼ਰਤ ਕਰਨ ਲਾ ਦਿੱਤਾ। ਚੇਅਰਮੈਨ ਮਾਓ ਨੇ ਉਸ ਨੂੰ ਬਚਾਅ ਲਿਆ ਸੀ । ਚੇਅਰਮੈਨ ਮਾਓ ਦੇ ਪ੍ਰਤੀ ਉਸ ਦੇ ਮਨ ਵਿੱਚ ਗਹਿਰੀਆਂ ਪ੍ਰੋਲੇਤਾਰੀ ਭਾਵਨਾਵਾਂ ਸਨ ਅਤੇ ਉਹ ਆਪਣੇ ਕੰਮ ਵਿੱਚ ਬਹੁਤ ਸਰਗਰਮ ਸੀ। ਫਿਰ ਵੀ ਪਾਰਟੀ ਸ਼ਾਖ਼ਾ ਦੀ ਇਸ ਸਰਗਰਮ ਮੈਂਬਰ ਤੋਂ ਸਮੂਹ ਦੀਆਂ ਸਮੱਸਿਆਵਾਂ ਹੱਲ ਕਰਨ ਵੇਲ਼ੇ ਘਾਟਾਂ ਰਹਿ ਜਾਂਦੀਆਂ ਸਨ।

ਕਮਿਊਨ ਮੈਂਬਰਾਂ ਦੀ ਨਿੱਜੀ ਵਰਤੋਂ ਲਈ ਨਿੱਜੀ ਪਲਾਟਾਂ ਦੇ ਛੋਟੇ-ਛੋਟੇ ਟੁਕੜੇ ਹੁੰਦੇ ਹਨ। ਅਜਿਹਾ ਇੱਕ ਪਲਾਟ ਇਸ ਤਰ੍ਹਾਂ ਸਥਿਤ ਸੀ ਕਿ ਉਹ ਸਮੂਹਕ ਭੋਇੰ ਦੀ ਵਾਹੀ ਵਿੱਚ ਰੁਕਾਵਟ ਬਣਦਾ ਸੀ ਇਸ ਕਰਕੇ ਫ਼ੈਸਲਾ ਕੀਤਾ ਗਿਆ ਕਿ ਇਸ ਪਲਾਟ ਨੂੰ ਸਮੂਹਕ ਫਾਰਮ ਵਿੱਚ ਮਿਲਾ ਲਿਆ ਜਾਵੇ ਅਤੇ ਇਸ ਦੇ ਬਦਲੇ ਉਸ ਮੈਂਬਰ ਨੂੰ ਹੋਰ ਪਲਾਟ ਦੇ ਦਿੱਤਾ ਜਾਵੇ। ਪੰਰਤੂ ਉਹ ਮੈਂਬਰ ਇਸ ਤਰ੍ਹਾਂ ਕਰਕੇ ਖ਼ੁਸ਼ ਨਹੀਂ ਸੀ। ਤਦ ਉਸ ਨੂੰ ਹੋਰ ਵਿਆਖਿਆ ਦਿੱਤੇ ਬਿਨਾਂ ਤਾਈ ਸਿਆਂਗ-ਮੀ ਤੇ ਕਮਿਊਨ ਦੇ ਹੋਰ ਮੈਂਬਰਾਂ ਨੇ ਉਹ ਨਿੱਜੀ ਪਲਾਟ ਵਾਹ ਲਿਆ ਅਤੇ ਪਿੱਛੋਂ ਉਸ ਨੂੰ ਹੋਰ ਪਲਾਟ ਦੇ ਦਿੱਤਾ। ਇਹ ਸਭ ਕੁਝ ਉਸ ਨੇ ਇਹ ਸੋਚ ਕੇ ਕੀਤਾ ਸੀ ਕਿ ਸਭ ਇਸ ਗੱਲ ਨਾਲ਼ ਸਹਿਮਤ ਹਨ ਕਿ ਨਿੱਜੀ ਹਿੱਤ ਸਰਕਾਰੀ ਹਿੱਤਾਂ ਦੇ ਅਧੀਨ ਹਨ। ਉਹ ਮੈਂਬਰ ਗੁੱਸੇ ਵਿੱਚ ਆ ਗਿਆ ਤੇ ਅੱਡੀਆਂ ਚੁੱਕੇ ਕੇ ਕਹਿਣ ਲੱਗਾ, "ਸਾਡੀ ਸਾਧਾਰਨ ਮੈਂਬਰ ਦੀ ਕੋਈ ਸੱਦ-ਪੁੱਛ ਨਹੀਂ ਹੈ, ਜੋ ਕੁੱਝ ਤੁਸੀਂ ਲੀਡਰ ਕਹਿੰਦੇ ਹੋ ਉਹੀ ਚੱਲਦਾ ਹੈ, ਠੀਕ ਹੈ ਨਾ?"

ਤਾਈ ਸਿਆਂਗ-ਮੀ ਹੈਰਾਨ ਹੋਈ। ਅਜੀਬ ਹੈ! ਆਖ਼ਰ ਇਸ ਵਿੱਚ ਏਨਾਂ ਰੌਲਾ ਪਾਉਣ ਵਾਲ਼ੀ ਕਿਹੜੀ ਗੱਲ ਸੀ?

ਇਹੋ ਜਿਹੀਆਂ ਗੱਲਾਂ ਅਕਸਰ ਉਦੋਂ ਤੱਕ ਹੁੰਦੀਆਂ ਰਹੀਆਂ ਜਦੋਂ ਕੁੱਝ ਗਰੀਬ ਤੇ ਹੇਠਲੇ-ਦਰਮਿਆਨੇ ਕਿਸਾਨ ਉਸ ਕੋਲ਼ ਗਏ ਤੇ ਕਹਿਣ ਲੱਗੇ, "ਸਿਆਂਗ-ਮੀ ਤੇਰੇ ਤਰੀਕੇ ਬਹੁਤ ਮਨਮਾਨੇ ਤੇ ਰੁੱਖੇ ਹਨ।" ਸਕੱਤਰ ਚਿਆਂਗ ਜ਼ੂ-ਵਾਂਙ ਨੇ ਕਿਹਾ, "ਇਨਕਲਾਬੀ

ਕੰਮ ਵਿੱਚ ਸਾਡੇ ਵਾਸਤੇ ਹੌਸਲੇ ਵਾਲ਼ੇ ਤੇ ਫੈਸਲਾਕੁੰਨ ਹੋਣਾ ਕਾਫ਼ੀ ਨਹੀਂ, ਸਾਨੂੰ ਚੰਗੀ ਤਰ੍ਹਾਂ ਕੰਮ ਕਰਨ ਦੀ ਸਮਝ ਵੀ ਸਿੱਖਣੀ ਚਾਹੀਦੀ ਹੈ ਅਤੇ ਚੰਗੀ ਤਰ੍ਹਾਂ ਕੰਮ ਕਰਨ ਲਈ ਸਾਨੂੰ ਦਵੰਦਵਾਦੀ ਤਰੀਕੇ ਦੀ ਘੋਖ਼ ਪੜਤਾਲ ਕਰਨੀ ਚਾਹੀਦੀ ਹੈ।"

ਇਹ ਸੱਚ ਹੈ ਕਿ ਦੁਨੀਆ ਵਿੱਚ ਮੁਸ਼ਕਲਾਂ ਪੇਸ਼ ਆਉਣੀਆਂ ਜ਼ਰੂਰੀ ਹਨ। ਤਾਈ ਸਿਆਂਗ-ਮੀ ਤਹਿ ਦਿਲੋਂ ਇਨਕਲਾਬ ਲਈ ਕੰਮ ਕਰਨਾ ਚਹੁੰਦੀ ਸੀ ਪਰ ਇਉਂ ਜਾਪਦਾ ਸੀ ਕਿ ਅਕਸਰ ਉਹ ਬੇ-ਥੁਹ ਟੱਕਰਾਂ ਮਾਰਦੀ ਰਹਿੰਦੀ। ਉਹ ਸਮਝ ਨਾ ਸਕੀ ਕਿ ਇੱਥੇ ਇੰਨੀਆਂ ਬਹੁਤੀਆਂ ਸਮੱਸਿਆਵਾਂ ਕਿਉਂ ਹਨ?

ਫਿਰ ਉਸ ਨੇ ਫ਼ਿਲਾਸਫ਼ੀ ਦਾ ਅਧਿਐਨ ਕੀਤਾ ਅਤੇ ਉਹਨੂੰ ਪਤਾ ਲੱਗਾ ਕਿ ਸਮੱਸਿਆਵਾਂ ਦਾ ਮਤਲਬ ਵਿਰੋਧਤਾਈਆਂ ਹੀ ਹੈ ਜਿਹੜੀਆਂ ਹਰ ਥਾਂ ਮੌਜੂਦ ਹਨ। ਇਨਕਲਾਬ ਕਰਦਿਆਂ ਕਮਿਊਨਿਸਟਾਂ ਨੂੰ ਵਿਰੋਧਤਾਈਆਂ ਦੀ ਪਛਾਣ ਕਰਨੀ ਚਾਹੀਦੀ ਹੈ ਅਤੇ ਉਹਨਾਂ ਦਾ ਵਿਸ਼ਲੇਸ਼ਣ ਕਰਨਾ ਅਤੇ ਉਹਨਾਂ ਨੂੰ ਹੱਲ ਕਰਨਾ ਚਾਹੀਦਾ ਹੈ। ਤੁਸੀਂ ਸਿਰਫ਼ ਜੋਸ਼ ਨਾਲ਼ ਹੀ ਕੰਮ ਨਹੀਂ ਸਾਰ ਸਕਦੇ, ਸਗੋਂ ਤੁਹਾਨੂੰ ਢੰਗ ਵੱਲ ਵੀ ਧਿਆਨ ਦੇਣਾ ਪਵੇਗਾ ਅਤੇ ਦਵੰਦਵਾਦ ਉੱਤੇ ਟੇਕ ਰੱਖਣੀ ਚਾਹੀਦੀ ਹੈ। ਹੁਣ ਜਦੋਂ ਸਮੱਸਿਆਵਾਂ ਪੇਸ਼ ਆਉਂਦੀਆਂ ਹਨ ਤਾਂ ਤਾਈ ਸਿਆਂਗ-ਮੀ ਹੈਰਾਨ ਜਾਂ ਔਖੀ ਨਹੀਂ ਹੁੰਦੀ, ਸਗੋਂ ਤੱਥਾਂ ਨੂੰ ਅਧਾਰ ਬਣਾ ਕੇ ਉਹਨਾਂ ਦਾ ਵਿਸ਼ਲੇਸ਼ਣ ਕਰਦੀ ਹੈ ਅਤੇ ਉਹਨਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੀ ਹੈ।

ਵਾਢੀਆਂ ਦੌਰਾਨ ਇੱਕ ਦਿਨ ਇੱਕ ਕਿਸਾਨ ਨੇ ਆਲ਼ੇ-ਦੁਆਲ਼ੇ ਭਰਪੂਰ ਫ਼ਸਲ ਵੱਲ ਝਾਤੀ ਮਾਰੀ ਅਤੇ ਤੱਸਲੀ ਭਰੇ ਅੰਦਾਜ਼ ਵਿੱਚ ਕਿਹਾ, "ਬਹੁਤ ਸਾਰਾ ਕੰਮ ਹੋ ਚੁੱਕਾ ਹੈ। ਹੁਣ ਜਦ ਅਸੀਂ ਵਾਢੀਆਂ ਤੱਕ ਪਹੁੰਚ ਗਏ ਹਾਂ, ਅਸੀਂ ਕੁੱਝ ਅਰਾਮ ਨਾਲ਼ ਕੰਮ ਕਰ ਸਕਦੇ ਹਾਂ।"

ਬੀਤੇ ਵਿੱਚ ਅਜਿਹੀ ਟਿੱਪਣੀ ਤੋਂ ਤਾਈ ਸਿਆਂਗ-ਮੀ ਵੱਲੋਂ ਖੜੇ-ਪੈਰ ਸਖ਼ਤ ਝਾੜਾਂ ਮਿਲਦੀਆਂ ਸਨ, ਪਰ ਇਸ ਵਾਰ ਉਹਨੇ ਕੁੱਝ ਨਾ ਕਿਹਾ। ਟਿੱਪਣੀ ਉੱਤੇ ਵਿਚਾਰ ਕਰਨ ਤੋਂ ਬਾਅਦ ਸਿਆਂਗ-ਮੀ ਨੇ ਉਸ ਨੂੰ ਅਤੇ ਟੀਮ ਲੀਡਰ ਨੂੰ ਵਿਸ਼ੇਸ਼ ਤੌਰ 'ਤੇ ਕੋਈ ਵਧੀਆ ਪੈਲ਼ੀ ਦੇਖਣ ਨੂੰ ਕਿਹਾ। ਉਸ ਨੇ ਪੁੱਛਿਆ, "ਕਿ ਤੁਹਾਡੇ ਖਿਆਲ਼ ਵਿੱਚ ਇਸ ਪੈਲ਼ੀ ਦਾ ਝਾੜ ਹੋਰ ਵਧਾਇਆ ਜਾਵੇਗਾ ਕਿ ਨਹੀ?"

ਟੀਮ ਲੀਡਰ ਨੇ ਉੱਤਰ ਦਿੱਤਾ, "ਬਿਨਾਂ ਸ਼ੱਕ ਇਸ ਵਿੱਚੋਂ ਚੰਗਾ ਝਾੜ ਨਿਕਲੇਗਾ ਅਤੇ ਅੰਦਾਜ਼ਾ ਲਾ ਕੇ ਦੱਸਿਆ ਕਿ ਕਿੰਨਾ ਕੁ ਵਾਧਾ ਹੋਵੇਗਾ।"

ਝੋਨੇ ਦੀਆਂ ਦੋ ਕਤਾਰਾਂ ਵੱਲ ਇਸ਼ਾਰਾ ਕਰਕੇ ਸਿਆਂਗ-ਮੀ ਨੇ ਪੁੱਛਿਆ, "ਇਹਨਾਂ ਕਤਾਰਾਂ ਨੂੰ ਕੀੜਾ ਲੱਗ ਗਿਆ ਸੀ। ਇਸ ਨਾਲ਼ ਝਾੜ ਘੱਟ ਗਿਆ ਹੈ, ਕੀ ਇਹ ਨਹੀਂ ਘਟਿਆ?"

ਉਹ ਮਾਮਲੇ ਉੱਤੇ ਵਿਚਾਰ ਕਰ ਰਹੇ ਸਨ ਜਦ ਕਮਿਊਨ ਮੈਂਬਰ ਚਿਆਂਗ ਸੈਂ-ਤੇ ਨੇ ਕਿਹਾ, "ਠੀਕ ਹੈ ਦੋਹਾਂ ਕਤਾਰਾਂ ਵਿੱਚ ਸੌ ਤੋਂ ਵੱਧ ਗੁੱਛੇ ਹਨ। ਹਰ ਗੁੱਛੇ ਵਿੱਚੋਂ ਇੱਕ ਔਂਸ ਦਾਣੇ ਨਿਕਲਦੇ ਹਨ, ਦੋਹਾਂ ਕਤਾਰਾਂ ਵਿੱਚੋਂ 5 ਕਿਲੋਂ ਦਾਣੇ ਨਿਕਲਦੇ। ਜੇ ਕਤਾਰਾਂ ਨੂੰ ਕੀੜਾ ਨਾ ਲੱਗਦਾ ਤਾਂ ਇੰਨੇ ਦਾਣੇ ਹੋਰ ਨਿਕਲਦੇ।"

ਤਾਈ ਸਿਆਂਗ-ਮੀ ਨੇ ਕਿਹਾ, "ਠੀਕ ਹੈ, ਹਰ ਚੀਜ਼ ਦੋ ਵਿੱਚ ਵੰਡੀ ਜਾਂਦੀ ਹੈ; ; ਮੁੱਖ ਪੱਖ ਤੇ ਦੋਮ ਪੱਖ। ਆਮ ਤੌਰ 'ਤੇ ਇਸ ਸਾਲ ਸਾਡੀ ਫ਼ਸਲ ਚੰਗੀ ਹੈ ਅਤੇ ਇਹ ਮੁੱਖ ਪੱਖ ਹੈ, ਫਿਰ ਵੀ ਕੁਝ ਨੁਕਸਾਨ ਹੋਇਆ ਹੈ। ਇਹ ਦੋਮ ਪੱਖ ਹੈ। ਸਾਨੂੰ ਆਪਣਾ ਧਿਆਨ ਮੁੱਖ ਪੱਖ 'ਤੇ ਕੇਂਦਰਤ ਕਰਨਾ ਚਾਹੀਦਾ ਹੈ ਅਤੇ ਕਮਿਊਨ ਮੈਂਬਰਾਂ ਦੀ ਹੌਸਲਾ-ਅਫ਼ਜ਼ਾਈ ਕਰਨੀ ਚਾਹੀਦੀ ਹੈ। ਪਰ ਸਾਨੂੰ ਦੋਮ ਪੱਖ ਨੂੰ ਵੀ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ। ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਡੇ ਕੰਮ ਵਿੱਚ ਅਜੇ ਵੀ ਬਹੁਤ ਤਰੁੱਟੀਆਂ ਹਨ ਅਤੇ ਮੁੱਖ ਪੱਖ ਦੋਮ ਪੱਖ ਵਿੱਚ ਅਤੇ ਦੋਮ ਪੱਖ ਮੁੱਖ ਪੱਖ ਵਿੱਚ ਬਦਲ ਸਕਦਾ ਹੈ। ਕਹਿਣ ਦਾ ਭਾਵ ਕਿ ਜੇ ਅਸੀਂ ਦੋਮ ਪੱਖ ਵੱਲ ਧਿਆਨ ਨਹੀਂ ਦੇਵਾਂਗੇ ਤਾਂ ਇਹ ਮੁੱਖ ਪੱਖ ਵਿੱਚ ਬਦਲ ਸਕਦਾ ਹੈ। ਭਰਪੂਰ ਫ਼ਸਲ ਸਾਹਮਣੇ ਹੈ ਪਰ ਜੇ ਅਸੀਂ ਸਖ਼ਤ ਮਿਹਨਤ ਨਹੀਂ ਕਰਾਂਗੇ ਤਾਂ ਅਸੀਂ ਇਹ ਪ੍ਰਾਪਤ ਨਹੀਂ ਕਰ ਸਕਦੇ। ਇਹ ਅਸੀਂ ਕਿਸ ਤਰ੍ਹਾਂ ਮਹਿਸੂਸ ਕਰ ਸਕਦੇ ਹਾਂ ਕਿ ਅਸੀਂ ਹੁਣ ਥੋੜ੍ਹਾ ਆਰਾਮ ਨਾਲ਼ ਕੰਮ ਕਰ ਸਕਦੇ ਹਾਂ?"

ਸਾਰੇ ਸਹਿਮਤ ਹੋਏ ਕਿ ਇਹ ਠੀਕ ਹੈ ਅਤੇ ਵਾਅਦੇ ਕੀਤੇ ਕਿ ਉਹ ਆਪਣੀਆਂ ਕੋਸ਼ਿਸ਼ਾਂ ਢਿੱਲੀਆਂ ਨਹੀਂ ਪੈਣ ਦੇਣਗੇ।

ਸਿਆਂਗ-ਮੀ ਨੇ ਕਿਹਾ, "ਦਵੰਦਵਾਦ ਤੋਂ ਬਿਨਾਂ ਕੋਈ ਆਪਣਾ ਕੰਮ ਚੰਗੀ ਤਰ੍ਹਾਂ ਨਹੀਂ ਕਰ ਸਕਦਾ। ਜੇ ਕੋਈ ਖ਼ੁਦਗਰਜ਼ੀ ਵਿਰੁੱਧ ਲੜਨਾ ਚਾਹੁੰਦਾ ਹੈ ਉਹਨੂੰ ਵੀ ਲਾਜ਼ਮੀ ਤੌਰ 'ਤੇ ਦਵੰਦਵਾਦ ਦੀ ਵਰਤੋਂ ਕਰਨੀ ਚਾਹੀਦੀ ਹੈ।"

ਸੱਭਿਆਚਾਰਕ ਇਨਕਲਾਬ ਦੇ ਮੁੱਢਲੇ ਦਿਨਾਂ ਵਿੱਚ ਜਨਤਾ ਨੇ ਤਾਈ ਸਿਆਂਗ-ਮੀ ਦੀ ਨੁਕਤਾਚੀਨੀ ਕੀਤੀ ਤੇ ਉਹ ਦਿਲ ਛੱਡ ਗਈ। ਉਹ ਸਮਝ ਨਾ ਸਕੀ ਕਿ ਇਹ ਨੁਕਤਾਚੀਨੀ ਕਿਉਂ ਸੀ, ਜਦ ਉਹ ਇਨਕਲਾਬ ਵਾਸਤੇ ਏਨੀ ਸਖ਼ਤ ਮਿਹਨਤ ਕਰਦੀ ਸੀ। ਚਿਆਂਗ ਜ਼ੂ-ਵਾਂਙ ਨੇ ਉਸ ਨਾਲ਼ ਗੱਲਾਂ ਕੀਤੀਆਂ ਅਤੇ ਉਹਨਾਂ ਨੇ ਇਕੱਠਿਆਂ ਮਾਓ ਦੀਆਂ ਸਿੱਖਿਆਵਾਂ ਦਾ ਅਧਿਐਨ ਕੀਤਾ : **"ਆਪਣੇ ਕੰਮ ਦਾ ਮੁਲਅੰਕਣ ਇਸ ਨੁਕਤੇ ਤੋਂ ਕਰਨਾ ਕਿ ਸਭ ਕੁੱਝ ਹਾਂਦਰੂ ਹੈ, ਜਾਂ ਇਸ ਨੁਕਤੇ ਤੋਂ ਕਿ ਸਭ ਕੁੱਝ ਨਾਂਹ-ਦਰੂ ਹੈ, ਗ਼ਲਤ ਹੈ।"**

ਜ਼ੂ-ਵਾਂਙ ਨੇ ਕਿਹਾ, "ਅਸੀਂ ਕਮਿਊਨਿਸਟ ਪਾਰਟੀ ਦੇ ਮੈਂਬਰ ਹਾਂ ਅਤੇ ਲੋਕਾਂ ਦੀ ਸੇਵਾ ਕਰਨਾ ਸਾਡਾ ਫਰਜ਼ ਹੈ: ਪਿਛਲੇ ਸਾਲਾਂ ਤੋਂ ਕਾਰਕੁੰਨਾਂ ਵਜੋਂ ਸਾਡੇ ਕੰਮ ਵਿੱਚ ਯਕੀਨਨ ਹੀ ਬਹੁਤ ਸਾਰੀਆਂ ਗ਼ਲਤੀਆਂ ਸਨ ਅਤੇ ਸਾਨੂੰ ਉਹ ਠੀਕ ਕਰ ਲੈਣੀਆਂ ਚਾਹੀਦੀਆਂ ਹਨ। ਸਾਨੂੰ ਆਪਣੇ-ਆਪ ਵੱਲ, "ਇੱਕ ਦੀ ਦੋ ਵਿੱਚ ਵੰਡ" ਦੇ ਨੁਕਤੇ ਤੋਂ ਵੇਖਣਾ ਚਾਹੀਦਾ ਹੈ।" ਤਾਈ ਸਿਆਂਗ-ਮੀ ਨੇ ਆਪਣੇ ਪਿਛਲੇ ਕੰਮ ਤੇ ਝਾਤ ਮਾਰੀ ਅਤੇ ਵੇਖਿਆ ਉਸ ਨੇ ਬਹੁਤ ਸਾਰੀਆਂ ਗ਼ਲਤੀਆਂ ਕੀਤੀਆਂ ਹਨ। ਆਪਣੀਆਂ ਗ਼ਲਤੀਆਂ ਬਾਰੇ ਉਹ ਉਦੋਂ ਚੇਤੰਨ ਕਿਉਂ ਨਹੀਂ ਸੀ? ਕੀ ਇਹ ਇਸ ਕਰਕੇ ਤਾਂ ਨਹੀਂ ਸੀ ਕਿ ਉਹਨੇ ਆਪਣੇ-ਆਪ ਦੇ ਦੋ ਪੱਖਾਂ ਵੱਲ ਨਹੀਂ ਸੀ ਦੇਖਿਆ? ਉਸ ਨੇ ਆਪਣੇ-ਆਪ ਦੇ ਸਿਰਫ਼ ਚੰਗੇ ਜਮਾਤੀ ਪਿਛੋਕੜ ਅਤੇ ਇਨਕਲਾਬ ਲਈ ਉਤਸ਼ਾਹ ਬਾਰੇ ਹੀ ਸੋਚਿਆ ਪਰ ਬੁਰਜ਼ੂਆ ਵਿਚਾਰਾਂ ਦੇ ਅਸਰ ਬਾਰੇ ਨਹੀਂ ਸੀ ਸੋਚਿਆ। ਉਸ ਨੇ ਸਿਰਫ਼ ਬਾਹਰਮੁਖੀ ਦੁਨੀਆਂ ਨੂੰ ਸੁਧਾਰਨ ਵੱਲ ਧਿਆਨ ਦਿੱਤਾ ਪਰ ਆਪਣੇ ਅੰਤਰਮੁਖੀ ਦ੍ਰਿਸ਼ਟੀਕੋਣ ਨੂੰ ਮੁੜ

ਢਾਲ਼ਣ ਨੂੰ ਨਜ਼ਰ ਅੰਦਾਜ਼ ਕੀਤਾ ਇੱਕ ਕਾਰਕੁੰਨ ਜੋ ਨੁਕਤਾਚੀਨੀ ਨੂੰ ਗਹੁ ਨਾਲ਼ ਨਹੀਂ ਸੁਣਦਾ, ਉਹ ਨਿੱਕੀਆਂ ਗ਼ਲਤੀਆਂ ਤੋਂ ਸ਼ੁਰੂ ਹੋ ਕੇ ਅਖੀਰ ਵਿੱਚ ਲੋਕਾਂ ਨੂੰ ਗ਼ਲਤ ਰਾਹ ਉੱਤੇ ਪਾ ਦਿੰਦਾ ਹੈ ਅਤੇ ਪਾਰਟੀ ਦੇ ਕਾਜ ਨੂੰ ਹਰਜ਼ਾ ਪੁਚਾ ਦਿੰਦਾ ਹੈ।

ਇਹ ਸਭ ਕੁੱਝ ਸਮਝ ਕੇ ਤਾਈ ਸਿਆਂਗ-ਮੀ ਨੇ ਹੌਸਲਾ ਫੜਿਆ ਅਤੇ ਖ਼ੁਦਗਰਜ਼ੀ ਵਿਰੁੱਧ ਲੜਨ ਦੀਆਂ ਕੋਸ਼ਿਸ਼ਾਂ ਕੀਤੀਆਂ। ਲੋਕਾਂ ਦੇ ਹਿੱਤ ਵਿੱਚ ਉਹ ਠੀਕ ਕੰਮ ਦਾ ਬੀੜਾ ਚੁੱਕਣ ਅਤੇ ਗ਼ਲਤ ਨੂੰ ਠੀਕ ਕਰਨ ਲਈ ਦ੍ਰਿੜ ਰਹਿੰਦੀ ਹੈ। ਗਰੀਬ ਤੇ ਹੇਠਲੇ-ਦਰਮਿਆਨੇ ਕਿਸਾਨ ਉਸ ਦੀ ਸਿਫ਼ਤ ਕਰਦੇ ਹਨ ਕਿ ਉਹ ਆਪਣੀ ਵਿਚਾਰਧਾਰਾ ਦੇ ਇਨਕਲਾਬੀਕਰਨ ਰਾਹੀਂ ਰੜ੍ਹੀ-ਪੱਕੀ ਹੋਈ ਹੈ। ਪਿਛਲੇ ਸਾਲ ਪਾਰਟੀ ਨੂੰ ਪੱਕੇ-ਪੈਰੀਂ ਕਰਨ ਦੀ ਲਹਿਰ ਦੌਰਾਨ ਲੋਕਾਂ ਨੇ ਉਸ ਵਿਰੁੱਧ ਬਹੁਤ ਘੱਟ ਨੁਕਤਾਚੀਨੀ ਕੀਤੀ।

ਇਸ ਪਾਰਟੀ ਕਾਰਕੁੰਨ ਨੇ ਆਪਣੀ ਸੋਚਣੀ ਅੰਦਰਲੀ ਤਰੱਕੀ ਨੂੰ ਕਿਵੇਂ ਨਜਿੱਠਿਆ?

ਇੱਕ ਦਿਨ ਬਰਗੇਡ ਪਾਰਟੀ ਨੂੰ ਪੱਕੇ-ਪੈਰੀਂ ਕਰਨ ਦੇ ਸਕੂਲ ਪਿੱਛੋਂ ਤਾਈ ਸਿਆਂਗ-ਮੀ ਨੇ ਚਿਆਂਗ ਜ਼ੂ-ਵਾਂਙ ਨੂੰ ਕਿਹਾ, "ਮੈਂ ਇਸ ਵਾਰ ਪਾਰਟੀ ਨੂੰ ਪੱਕੇ-ਪੈਰੀਂ ਕਰਨ ਦੇ ਕੰਮ ਬਾਰੇ ਬੇਚੈਨੀ ਮਹਿਸੂਸ ਕਰਦੀ ਹਾਂ।"

"ਕੀ ਗੱਲ?" ਜ਼ੂ-ਵਾਂਙ ਨੇ ਪੁੱਛਿਆ।

"ਲੋਕਾਂ ਨੇ ਮੇਰੀ ਏਨੀਂ ਘੱਟ ਨੁਕਤਾਚੀਨੀ ਕੀਤੀ ਹੈ। ਇਹ ਗੱਲ ਚੰਗੀ ਨਹੀਂ।"

"ਉਹਨਾਂ ਮੇਰੇ ਉੱਤੇ ਵੀ ਬਹੁਤੀ ਨੁਕਤਾਚੀਨੀ ਨਹੀਂ ਕੀਤੀ।"

"ਮੇਰੇ ਖਿਆਲ਼ ਵਿੱਚ ਸਾਨੂੰ ' ਬਹੁਤੀ' ਅਤੇ 'ਥੋੜ੍ਹੀ' ਨੁਕਤਾਚੀਨੀ ਦਾ ਠੋਸ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਬਹੁਤੀ ਨੁਕਤਾਚੀਨੀ ਦਾ ਮਤਲਬ ਬਹੁਤੀਆਂ ਕਮੀਆਂ ਹੁੰਦਾ ਹੈ ਪਰ ਇਹ ਕੋਈ ਜ਼ਰੂਰੀ ਨਹੀਂ। ਥੋੜ੍ਹੀ ਨੁਕਤਾਚੀਨੀ ਦਾ ਮਤਲਬ ਜ਼ਰੂਰੀ ਨਹੀਂ ਕਿ ਥੋੜ੍ਹੀਆਂ ਕਮੀਆਂ ਹੀ ਹੋਣ। ਸਾਨੂੰ ਨੁਕਤਾਚੀਨੀ ਦੇ ਖਾਸੇ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਬਹੁਤੀ ਨੁਕਤਾਚੀਨੀ ਦਾ ਮਤਲਬ ਹੈ ਕਿ ਮੇਰੇ ਵਿੱਚ ਬਹੁਤੀਆਂ ਕਮੀਆਂ ਹਨ ਅਤੇ ਗ਼ਲਤੀਆਂ ਹਨ, ਪਰ ਇਹ ਮੈਨੂੰ ਉਹਨਾਂ ਨੂੰ ਸੁਧਾਰਨ ਵਿੱਚ ਮਦਦ ਦੇਵੇਗੀ ਅਤੇ ਮੇਰਾ ਵਿਚਾਰਧਾਰਕ ਇਨਕਲਾਬੀਕਰਨ ਵਧੇਗਾ : ਥੋੜ੍ਹੀ ਨੁਕਤਾਚੀਨੀ ਮੇਰੇ ਵਿੱਚ ਵਿਗਾੜ ਪੈਦਾ ਕਰ ਦੇਵੇਗੀ, ਇਸ ਲਈ ਮੈਂ ਆਪਣੀਆਂ ਕਮੀਆਂ ਦੀ ਪਛਾਣ ਨਹੀਂ ਕਰ ਸਕਦੀ।"

ਚਿਆਂਗ ਜ਼ੂ-ਵਾਂਙ ਨੇ ਕਿਹਾ, "ਤੁਸੀਂ ਠੀਕ ਹੋ ਇਸ ਤੋਂ ਅੱਗੇ ਇਹ ਕਿ ਬਹੁਤੀ ਅਤੇ ਘੱਟ ਨੁਕਤਾਚੀਨੀ ਇੱਕ-ਦੂਜੇ ਵਿੱਚ ਬਦਲ ਸਕਦੀ ਹੈ। ਲੋਕ ਘੱਟ ਨੁਕਤਾਚੀਨੀ ਕਿਉਂ ਕਰਦੇ ਹਨ? ਕਿਉਂਕੀ ਤੁਸੀਂ ਉੱਨਤੀ ਕਰ ਲਈ ਹੈ।"

"ਪਰ ਜੇ ਮੈਂ ਸੰਤੁਸ਼ਟ ਅਤੇ ਹੰਕਾਰੀ ਹੋ ਜਾਵਾਂ ਤਾਂ ਨੁਕਤਾਚੀਨੀ ਵੱਧ ਜਾਵੇਗੀ", ਉਸ ਨੇ ਗੱਲ ਕੱਟਦਿਆਂ ਕਿਹਾ।

ਫਿਰ ਚਿਆਂਗ ਜ਼ੂ-ਵਾਂਙ ਬੋਲਿਆ "ਜੇ ਲੋਕ ਸਾਡੀ ਘੱਟ ਨੁਕਤਾਚੀਨੀ ਕਰਨ ਤਾਂ ਵੀ ਸਾਡਾ ਹੰਕਾਰੀ ਹੋਣਾ ਨਹੀਂ ਪੁੱਗ ਸਕਦਾ। ਜੇਕਰ ਅਸੀਂ ਚੇਅਰਮੈਨ ਮਾਓ ਦੀਆਂ ਫ਼ਿਲਾਸਫ਼ੀ ਦੀਆਂ ਰਚਨਾਵਾਂ ਦੀ ਘੋਖ਼ ਕਰਨ ਅਤੇ ਉਹਨਾਂ ਉੱਤੇ ਅਮਲ ਕਰਨ 'ਤੇ ਡਟੇ

ਰਹੀਏ, ਆਪਣੇ–ਆਪ ਦਾ ਇੱਕ ਦੀ ਦੋ ਵਿੱਚ ਵੰਡ ਦੇ ਨੁਕਤੇ ਤੋਂ ਲਗਾਤਾਰ ਵਿਸ਼ਲੇਸ਼ਣ ਕਰਦੇ ਰਹੀਏ ਤਾਂ ਅਸੀਂ ਚੇਅਰਮੈਨ ਮਾਓ ਅਨੁਸਾਰ ਚੱਲਾਂਗੇ ਅਤੇ ਅੱਗੇ ਵਧਾਂਗੇ।"

## ਚਿਆਂਗ ਚੈਨ-ਵੀ ਅਕਸਰ ਗ਼ਲਤ ਵਿਚਾਰਾਂ ਨੂੰ ਖੋਦਦੀ ਰਹਿੰਦੀ ਹੈ

ਨੀਲੇ ਅਸਮਾਨ ਹੇਠ ਝੋਨਾ ਲਹਿਰਾ ਰਿਹਾ ਸੀ ਅਤੇ ਝੂਮ ਰਿਹਾ ਸੀ। ਚਿੰਨ ਚੀਅਨ ਬਰਗੇਡ ਦੀ ਅੱਠਵੀਂ ਟੋਲੀ ਦੇ ਮੈਂਬਰ ਵਾਢੀ ਕਰ ਰਹੇ ਸਨ।

ਵਾਢੀ ਕਰਨ ਵਾਲਿਆਂ ਵਿੱਚੋਂ ਇੱਕ ਨੇ ਲੋਰ ਵਿੱਚ ਆਉਂਦਿਆਂ ਕਿਹਾ : "ਵੇਖੋ! **ਲਾਲ ਝੰਡੇ** ਦੇ ਇਸ ਅੰਕ ਵਿੱਚ ਸਾਡੀ ਟੋਲੀ ਦੇ ਆਗੂ ਚਿਆਂਗ ਚਿੰਨ–ਵੀ ਦਾ ਲੇਖ ਛਪਿਆ ਹੈ। ਇਸ ਦਾ ਸਿਰਲੇਖ ਹੈ 'ਕੇਵਲ ਤਬਾਹੀ ਰਾਹੀਂ ਹੀ ਦ੍ਰਿੜ ਉਸਾਰੀ ਸੰਭਵ ਹੈ!' ਵਾਹ! ਮੇਰੇ ਖਿਆਲ਼ ਵਿੱਚ ਸਾਡੀ ਟੋਲੀ ਵਿੱਚੋਂ ਸਭ ਕੁਝ ਤਬਾਹ ਕਰ ਦਿੱਤਾ ਗਿਆ ਹੈ ਅਤੇ ਨਵਾਂ ਉਸਾਰਿਆ ਕਾਫ਼ੀ ਦ੍ਰਿੜ ਹੈ।"

ਪਰ ਜਦੋਂ ਲੋਕਾਂ ਨੇ ਸਰਕਾਰ ਨੂੰ ਗਰਮੀਆਂ ਦਾ ਅਨਾਜ ਵੇਚਣ ਦੀ ਤਰੀਕ ਖੁਸ਼ੀ–ਖੁਸ਼ੀ ਮਿੱਥ ਦਿੱਤੀ ਤਾਂ ਕਿ ਇਨਕਲਾਬ ਵਿੱਚ ਹੋਰ ਹਿੱਸਾ ਪਾਇਆ ਜਾਵੇ, ਉਦੋਂ ਇੱਕ ਅਣ–ਸੁਖਾਵੀਂ ਵਾਪਰ ਗਈ।

ਇਹ ਘਟਨਾ ਉਦੋਂ ਵਾਪਰੀ ਜਦੋਂ ਕੁਝ ਕਮਿਊਨ ਮੈਂਬਰ ਚਿੱਕੜ–ਲਿੱਬੜੇ ਚੌਲ ਸਰਕਾਰ ਕੋਲ਼ ਵੇਚਣ ਲਈ ਲਿਜਾ ਰਹੇ ਸਨ। ਅਨਾਜ–ਗੁਦਾਮ ਵਿਚਲੇ ਸਾਥੀਆਂ ਨੇ ਇਸ ਨੂੰ ਵੇਖਿਆ ਅਤੇ ਉਹਨਾਂ ਨੇ ਨੁਕਤਾਚੀਨੀ ਕੀਤੀ ਅਤੇ ਲਿੱਬੜੇ ਚੌਲ ਵਾਪਸ ਭੇਜ ਦਿੱਤੇ। ਪਰ ਕੁਝ ਮੈਂਬਰਾਂ ਨੇ ਨੁਕਤਾਚੀਨੀ ਨੂੰ ਸਵਿਕਾਰ ਨਹੀਂ ਕੀਤਾ ਤੇ ਬੋਲੇ, "ਝੋਨਾ ਚਿੱਕੜ ਵਿੱਚ ਉੱਗਦਾ ਹੈ, ਕੁਦਰਤੀ ਹੈ ਇਸ ਨਾਲ਼ ਕੁਝ ਚਿੱਕੜ ਲੱਗਿਆ ਰਹਿ ਸਕਦਾ ਹੈ।"

ਪਿੱਛੋਂ ਕੁਝ ਮੈਂਬਰਾਂ ਨੇ ਸਰਕਾਰ ਕੋਲ਼ ਚਿੱਕੜ–ਲਿੱਬੜਿਆ ਝੋਨਾ ਭੇਜਣ ਦਾ ਦੋਸ਼, ਢੋਣ ਵਾਲਿਆਂ ਸਿਰ ਲਾਇਆ। ਟੀਮ ਲੀਡਰ ਚਿਆਂਗ ਚਿੰਨ–ਵੀ ਨੇ ਬਹੁਤ ਔਖ ਮਹਿਸੂਸ ਕੀਤੀ। ਸਾਫ਼ ਸੀ ਕਿ ਸਰਕਾਰ ਕੋਲ਼ ਚਿੱਕੜ–ਲਿੱਬੜਿਆ ਝੋਨਾ ਵੇਚਣਾ ਗ਼ਲਤ ਸੀ, ਕਈ ਲੋਕ ਇਸ ਤਰ੍ਹਾਂ ਕਰਨ ਦੀ ਜ਼ਿੱਦ ਕਿਉਂ ਕਰਦੇ ਹਨ ਤੇ ਨੁਕਤਾਚੀਨੀ ਦੀ ਪਰਵਾਹ ਨਹੀਂ ਕਰਦੇ? ਚਿੰਨ ਵੀ ਨੇ ਪਿੱਛੇ ਵਾਪਰੀ ਘਟਨਾ ਦਾ ਚੇਤਾ ਕੀਤਾ।

1969 ਵਿੱਚ ਉਤਪਾਦਕ ਟੋਲੀ ਨੇ ਇਹ ਸੋਚਦਿਆਂ ਕਿ ਚੰਗੀ ਤਰ੍ਹਾਂ ਬੂਹੇ ਬੰਦ ਰੱਖਣ ਨਾਲ਼ ਹੀ ਮਾੜੀ ਹਵਾ ਅੰਦਰ ਆਉਣੋਂ ਰੋਕੀ ਜਾ ਸਕੇਗੀ,ਉੱਚੇ ਭਾਵਾਂ 'ਤੇ "ਖੁੱਲ੍ਹੀ ਮੰਡੀ" ਦੀ ਵੇਚ–ਵੱਟ ਅਤੇ ਹੋਰ ਆਰਥਿਕ ਭੈੜਾਂ ਵਿਰੁੱਧ ਕਨੂੰਨ ਬਣਾ ਕੇ ਸਰਮਾਏਦਾਰਾ ਰੁਚੀਆਂ ਰੋਕਣ ਦਾ ਯਤਨ ਕੀਤਾ ਸੀ। ਪਰ ਕੁੱਝ ਸਨ ਜਿੰਨ੍ਹਾ ਨੇ ਕਨੂੰਨ ਤੋੜਿਆ ਸੀ ਅਤੇ ਸਾਂਝੀ ਉਪਜ ਨੂੰ ਵੱਧ ਭਾਅ ਵੇਚਿਆ ਸੀ ਤੇ ਕਹਿੰਦੇ ਸਨ ਕਿ ਉਹ "ਸਰਕਾਰੀ ਫਾਰਮ ਦੀ ਆਮਦਨ ਵਿੱਚ ਵਾਧਾ" ਕਰ ਰਹੇ ਸਨ। ਚੇਅਰਮੈਨ ਮਾਓ ਦੀ ਇਸ ਹਦਾਇਤ ਕਿ "**ਤਬਾਹੀ ਬਿਨਾਂ ਕੋਈ ਉਸਾਰੀ ਨਹੀਂ ਹੋ ਸਕਦੀ**" ਦੀ ਘੋਖ਼ ਕਰਦਿਆਂ ਅਤੇ "ਖੁੱਲ੍ਹੀ ਮੰਡੀ" ਅਤੇ ਹੋਰ ਸਰਮਾਏਦਾਰਾਂ ਰੁਚੀਆਂ ਦਾ ਖੰਡਨ ਕਰਦਿਆਂ ਉਹਨਾਂ ਨੂੰ ਪਤਾ ਲੱਗਾ ਕਿ "ਤਬਾਹੀ" ਤੇ "ਉਸਾਰੀ" ਦਾ ਦਵੰਦਵਾਦ ਏਕਾ ਹੈ, ਮਤਲਬ ਕਿ ਤਬਾਹੀ, ਉਸਾਰੀ ਨੂੰ ਪਹਿਲਾਂ ਚਿਤਵਦੀ ਹੈ। ਇਹੋ ਗੱਲ, ਖੰਡਨ ਬਿਨਾਂ ਸੁਧਾਰ ਕਰਨ ਦੇ ਸਬੰਧ ਵਿੱਚ ਵੀ ਸੱਚੀ ਹੈ: ਖੰਡਨ ਤੋਂ ਬਿਨਾਂ ਸੁਧਾਰ ਅਸੰਭਵ ਹੈ, ਤੇ ਇਸ ਤਰੀਕੇ ਨਾਲ਼ ਕੁੱਝ ਵੀ ਹਾਸਲ

ਨਹੀਂ ਕੀਤਾ ਜਾ ਸਕਦਾ। ਜਦੋਂ ਜਨਤਾ ਦੀ ਚੇਤਨਾ ਉੱਚੀ ਹੋ ਗਈ ਤਾਂ ਨਵੇਂ ਕਾਨੂੰਨ ਉਹਨਾਂ ਦੇ ਮਨਾਂ ਵਿੱਚ ਸਥਾਪਤ ਕਰ ਦਿੱਤੇ ਗਏ ਅਤੇ ਉਹਨਾਂ ਨੂੰ ਅਮਲ ਵਿੱਚ ਲਿਆਂਦਾ ਗਿਆ। ਇੱਕ ਵਾਰ ਜਦੋਂ ਕਿਸੇ ਨੇ ਅੱਠਵੀਂ ਟੋਲੀ ਕੋਲੋਂ ਮਹਿੰਗੀ ਮੱਛੀ ਵੱਟੇ ਬਾਲਣ ਲੈਣਾ ਚਾਹਿਆ ਤਾਂ ਕਮਿਊਨ ਮੈਂਬਰਾਂ ਨੇ ਨਾਂਹ ਕਰ ਦਿੱਤੀ।

ਹੁਣ ਇਹ ਚਿੱਕੜ-ਲਿੱਬੜੇ ਝੋਨੇ ਦੀ ਘਟਨਾ ਕਿਉਂ ਵਾਪਰੀ ? ਚਿਆਂਗ ਚਿੰਨ ਵੀ ਕਿਆਸ ਨਾ ਲਾ ਸਕਿਆ। ਜੋ ਕੁੱਝ ਛੱਡਣਾ ਚਾਹੀਦਾ ਸੀ ਛੱਡ ਦਿੱਤਾ ਗਿਆ ਸੀ ਅਤੇ ਜੋ ਕੁਝ ਉਸਾਰਨਾ ਚਾਹੀਦਾ ਸੀ ਉਸਾਰ ਲਿਆ ਗਿਆ ਸੀ। ਫਿਰ ਇਹ ਘਟਨਾ ਕਿਉਂ ਵਾਪਰੀ ? ਚਿਆਂਗ ਜ਼ੂ-ਵਾਂਙ ਇਸ ਮਸਲੇ 'ਤੇ ਉਸ ਨਾਲ਼ ਵਿਚਾਰ ਕਰਨ ਆਇਆ। ਉਹਨਾਂ ਨੇ **ਵਿਰੋਧਤਾਈਆਂ ਬਾਰੇ** ਲੇਖ ਨੂੰ ਪੜ੍ਹਨਾ ਸ਼ੁਰੂ ਕੀਤਾ, ਜਿੱਥੇ ਚੇਅਰਮੈਨ ਮਾਓ ਨੇ ਲਿਖਿਆ ਹੈ : "**ਵਿਰੋਧਾਂ ਦਾ ਏਕਾ ਸ਼ਰਤੀਆ ਅਸਥਾਈ ਅਤੇ ਪ੍ਰਸੰਗਕ ਹੁੰਦਾ ਹੈ ਜਦ ਕਿ ਪ੍ਰਸਪਰ ਵਿਰੋਧਾਂ ਵਿੱਚ ਜੱਦੋ-ਜਹਿਦ ਸਦੀਵੀਂ ਹੁੰਦੀ ਹੈ।**" ਜ਼ੂ ਵਾਂਙ ਨੇ ਬੜੇ ਡੂੰਘੇ ਭਾਵ ਨਾਲ਼ ਇਹ ਗੱਲ ਚਿੰਨ ਵੀ ਨੂੰ ਸਮਝਾਈ : ਸਮਾਜਵਾਦ ਤੇ ਸਰਮਾਏਦਾਰੀ ਵਿੱਚ ਘੋਲ਼ ਸਦੀਵੀਂ ਹੈ। ਸੋ, ਜਦੋਂ ਇੱਕ ਥਾਂ ਉੱਤੇ ਅਸੀਂ ਡੂੰਘਾਈ ਵਿੱਚ ਚਲੇ ਜਾਵਾਂਗੇ ਤਾਂ ਹੋਰਨਾਂ ਥਾਵਾਂ ਉੱਤੇ ਅਜੇ ਵੀ ਪੇਤਲੇ ਹੋਵਾਂਗੇ : ਜਿੱਥੇ ਅਸੀਂ ਪਕਿਆਈ ਨਾਲ਼ ਉਸਾਰੀ ਕਰ ਲਈ ਹੈ, ਉੱਥੇ ਅਜੇ ਵੀ ਤਰੇੜਾਂ ਹਨ। ਪ੍ਰਧਾਨ ਮਾਓ ਦੇ ਫ਼ਿਲਾਸਫ਼ੀ ਦੇ ਸੰਕਲਪ ਨੇ ਚਿੰਨ ਵੀ ਦੀ ਤਬਾਹੀ ਤੇ ਉਸਾਰੀ ਦੇ ਆਪਸੀ ਸਬੰਧ ਦੀ ਚੰਗੀ ਸਮਝ ਬਣਾ ਦਿੱਤੀ। ਹਾਂ, ਮੁਕੰਮਲ ਤਬਾਹੀ ਤੇ ਦ੍ਰਿੜ ਉਸਾਰੀ ਆਪੋ ਵਿੱਚ ਸਬੰਧਤ ਹਨ। ਸਿਰਫ਼ ਲਗਾਤਾਰ ਖੰਡਨ ਨਾਲ਼ ਹੀ ਪੂਰੀ ਤਬਾਹੀ ਹੋ ਸਕਦੀ ਹੈ ਅਤੇ ਉਸਾਰੀ ਦੀ ਲਗਾਤਾਰ ਤਕੜਾਈ ਹੋ ਸਕਦੀ ਹੈ। ਜਿਹੜੇ ਇਹ ਸੋਚਦੇ ਸੀ ਕਿ ਪੁਰਾਣੇ ਨੂੰ ਮੁਕੰਮਲ ਤੌਰ 'ਤੇ ਤਬਾਹ ਕਰਨ ਲਈ ਤੇ ਨਵੇਂ ਨੂੰ ਚੰਗੀ ਤਰ੍ਹਾਂ ਉਸਾਰਨ ਲਈ ਖੰਡਨ ਕਰਨ ਦੀਆਂ ਸਿਰਫ਼ ਇੱਕ ਜਾਂ ਦੋ ਮੀਟਿੰਗਾਂ ਹੀ ਕਾਫ਼ੀ ਹਨ ਅਤੇ ਹੋਰ ਕੁੱਝ ਵੀ ਕਰਨ ਦੀ ਲੋੜ ਨਹੀਂ, ਉਹ ਅਧਿਆਤਮਵਾਦੀ ਤੌਰ 'ਤੇ ਸੋਚ ਰਹੇ ਸਨ ਤੇ ਪ੍ਰਧਾਨ ਮਾਓ ਦੇ ਦੱਸੇ ਹੋਏ ਪਦਾਰਥਵਾਦੀ-ਦਵੰਦਵਾਦ ਦੇ ਉਲਟ ਚੱਲ ਰਹੇ ਸਨ। ਸਿਰਫ਼ ਰੋਜ਼ਾਨਾ, ਹਰ ਸਾਲ ਤੇ ਹਮੇਸ਼ਾ ਚੱਲਦੀ ਜਨਤਕ ਇਨਕਲਾਬੀ ਨੁਕਤਾਚੀਨੀ ਰਾਹੀਂ ਹੀ ਇੱਕ ਸਮਾਜਵਾਦੀ ਦੇਸ਼ ਦੇ ਆਪਣਾ ਰੰਗ ਵਟਾਉਣ ਵਿਰੁੱਧ ਗਰੰਟੀ ਕੀਤੀ ਜਾ ਸਕਦੀ ਹੈ।

ਸਰਕਾਰ ਕੋਲ਼ ਲਿੱਬੜੇ ਚੌਲ ਜਾਣ ਦਾ ਕਾਰਨ ਕੀ ਸੀ ? ਕਿਉਂਕਿ ਇਨਕਲਾਬੀ ਨੁਕਤਾਚੀਨੀ ਢਿੱਲੀ ਕਰ ਦਿੱਤੀ ਗਈ ਸੀ, ਇਹ ਖ਼ੁਦਗਰਜ਼ੀ ਦੇ ਮੁੜ ਉਭਰਨ ਦਾ ਚਿੰਨ੍ਹ ਸੀ। ਜਦੋਂ ਉਹਨਾਂ ਗੱਲਾਂ ਵਿਚਾਰੀਆਂ ਤਾਂ ਉਹਨਾਂ ਨੂੰ ਰਾਹ ਲੱਭ ਪਿਆ। ਉਸ ਰਾਤ ਅੱਠਵੀਂ ਟੋਲੀ ਨੇ ਨੁਕਤਾਚੀਨੀ ਵਾਸਤੇ ਮੀਟਿੰਗ ਬੁਲਾਈ ਤੇ ਕਮਿਊਨ ਮੈਂਬਰ ਵਾਰੀ-ਵਾਰੀ ਬੋਲੇ।

ਕਮਿਊਨ ਦੀ ਇੱਕ ਇਸਤਰੀ ਮੈਂਬਰ ਵੂਏ-ਚੂ ਨੇ ਭਾਵੁਕ ਹੋ ਕੇ ਕਿਹਾ, "ਸਾਡੇ ਵਿੱਚੋਂ ਬਹੁਤ ਸਾਰੇ ਸਰਕਾਰ ਕੋਲ 250 ਕਿੱਲੋ ਸਾਫ਼ ਚੌਲ ਵੇਚਣਾ ਚਾਹੁੰਦੇ ਸਨ ਪ੍ਰੰਤੂ ਕੁਝ ਲੋਕ ਨਾ ਮੰਨੇ ਤੇ ਕਹਿਣ ਲੱਗੇ ਸਾਨੂੰ ਸਾਫ਼ ਚੌਲ ਆਪਣੇ ਵਾਸਤੇ ਚਾਹੀਦੇ ਹਨ। ਅਸਲ ਵਿੱਚ ਇਸ ਦਾ ਮਤਲਬ ਸੀ ਕਿ ਅਸੀਂ ਖ਼ੁਦਗਰਜ਼ ਵਿਚਾਰਾਂ ਤੇ ਨਿੱਜੀ ਸਹੂਲਤਾਂ ਨੂੰ ਪਹਿਲ ਦਿੰਦੇ ਹਾਂ।" ਬਹਿਸ ਜਾਰੀ ਰਹੀ ਤੇ ਲੋਕਾਂ ਨੂੰ ਹੋਰ ਚੰਗੀ ਤਰ੍ਹਾਂ ਪਤਾ ਲੱਗ ਗਿਆ ਕਿ ਸਮਾਜਵਾਦੀ ਰਾਹ ਕੀ ਹੈ ? ਉਹਨਾਂ ਨੇ ਨਿੱਜੀ ਮਹਿਕਮਾਪ੍ਰਸਤ ਖ਼ੁਦਗਰਜ਼ੀ ਤੋਂ ਛੁਟਕਾਰਾ ਪਾਉਣ ਅਤੇ ਸਰਕਾਰ ਕੋਲ਼ ਅਪਣਾ ਵਧੀਆ ਤੋਂ ਵਧੀਆ ਅਨਾਜ ਵੇਚਣ ਦੀ ਖਾਹਿਸ਼ ਜ਼ਾਹਰ ਕੀਤੀ।

ਅਗਲੀ ਸਵੇਰ ਬੜੇ ਜੋਸ਼ ਨਾਲ਼ ਉਹਨਾਂ ਨੇ ਆਪਣੇ ਚੌਲ, ਦਾਣੇ ਵੇਚਣ ਵਾਲੀ ਥਾਂ ਉੱਤੇ ਭੇਜੇ, ਚਿੰਨ–ਵੀ ਅਗਵਾਈ ਕਰ ਰਿਹਾ ਸੀ। ਜੋ ਕੁਝ ਵਾਪਰਿਆ ਸੀ ਰਸਤੇ ਵਿੱਚ, ਉਹ ਸਭ ਕੁਝ ਉਹਦੇ ਮਨ ਵਿੱਚ ਘੁੰਮਿਆ। ਉਸ ਨੇ ਸੋਚਿਆ, "ਜਨਤਕ ਖੰਡਨ ਤੋਂ ਬਿਨਾਂ ਲੰਘਿਆ ਇੱਕ ਦਿਨ ਤੁਹਾਨੂੰ ਸਰਮਾਏਦਾਰੀ ਪਛਾਣਨ ਤੋਂ ਅਸਮਰਥ ਕਰ ਦੇਵੇਗਾ, ਦੋ ਦਿਨ ਲੰਘ ਜਾਣ ਤਾਂ ਤੁਸੀਂ ਗ਼ਲਤ ਰਾਹ ਉੱਤੇ ਖੜੇ ਹੋਵੋਗੇ: ਗ਼ਲਤ ਚੀਜ਼ਾਂ ਦੀ ਨੁਕਤਾਚੀਨੀ ਤੋਂ ਬਿਨਾਂ ਤਿੰਨ ਦਿਨ ਲੰਘਾ ਦਿਓ, ਤਾਂ ਤੁਸੀਂ ਸੋਧਵਾਦ ਦੀ ਜਕੜ ਵਿੱਚ ਹੋਵੋਗੇ। ਇਸ ਤੋਂ ਵੱਧ ਸਮੇਂ ਲਈ ਨੁਕਤਾਚੀਨੀ ਢਿੱਲੀ ਕਰਨਾ ਦੇਸ਼ ਨੂੰ ਰੰਗ–ਬਦਲੀ ਦੇ ਖ਼ਤਰੇ ਮੂੰਹ ਪਾਉਣਾ ਹੋਵੇਗਾ।" ਇੱਕ ਬੁੱਢਾ ਕਿਸਾਨ ਸਹਿਮਤ ਹੁੰਦਾ ਬੋਲਿਆ : "ਸਰਮਾਏਦਾਰਾ ਬੁਰਾਈਆਂ ਦੀ ਨੁਕਤਾਚੀਨੀ ਫ਼ਸਲ ਵਿੱਚੋਂ ਕੱਖ–ਕੰਡਾ ਕੱਢਣ ਸਮਾਨ ਹੈ। ਉਹਨਾਂ ਨੂੰ ਖੋਦਣ ਤੋਂ ਪਿੱਛੋਂ ਤੁਹਾਨੂੰ ਉਹਨਾਂ ਨੂੰ ਸਮੇਟਣਾ ਪੈਂਦਾ ਹੈ ਤੇ ਵਾਰ–ਵਾਰ ਗੋਡੀ ਕਰਨੀ ਪੈਂਦੀ ਹੈ ਤਾਂ ਕਿ ਉਹ ਫਿਰ ਜੜ੍ਹਾਂ ਨਾ ਫੜ ਨਾ ਜਾਣ। ਜਦੋਂ ਤੱਕ ਅਸੀਂ ਕਮਿਊਨਿਜ਼ਮ ਤੱਕ ਨਹੀਂ ਅੱਪੜ ਜਾਂਦੇ ਆਓ, ਉਦੋਂ ਤੱਕ ਆਪਾਂ ਸਮਾਜਵਾਦੀ ਰਾਹ 'ਤੇ ਚੇਅਰਮੈਨ ਦੱਸੇ ਮੁਜਬ ਚੱਲੀਏ।"

***

# ਵਿਚਾਰਧਾਰਕ ਵਿੱਦਿਆ ਅੰਦਰ ਫ਼ਿਲਾਸਫ਼ੀ

# ਇੱਕ ਹੱਥ-ਖੱਡੀ ਦੀ ਕਹਾਣੀ

ਚਿੰਨ ਚੀਅਨ ਬਰਗੇਡ ਵਿੱਚ ਲਿਊ ਹੋ-ਯੂ ਨਾਮ ਦੀ ਇੱਕ ਨਵੀਂ ਵਹੁਟੀ ਆਈ। ਉਹਨੇ ਆਪਣੇ ਨਾਲ਼ ਇੱਕ ਹੱਥ-ਖੱਡੀ ਲਿਆਂਦੀ ਸੋਚਿਆ "ਆਪਣੇ ਨਵੇਂ ਘਰ ਵਿੱਚ ਵਿਹਲੇ ਵੇਲ਼ੇ ਮੈਂ ਇਸ ਦੀ ਘਰੇਲੂ ਦਸਤਕਾਰੀ ਵਜੋਂ ਵਰਤੋਂ ਕਰਕੇ ਕੱਪੜਾ ਬੁਣਿਆ ਕਰਾਂਗੀ। ਮੈਂ ਚੰਗੇ ਕੱਪੜੇ ਪਾਇਆ ਕਰਾਂਗੀ। ਮੇਰੇ ਕੋਲ਼ ਜੇਬ-ਖ਼ਰਚ ਹੋਇਆ ਕਰੇਗਾ। ਮੈਂ ਆਪਣੀ ਬੁਣਨ-ਯੋਗਤਾ ਦਾ ਫ਼ਾਇਦਾ ਉਠਾਵਾਂਗੀ।"

ਪਹਿਲਾਂ-ਪਹਿਲ ਹੋ-ਯੂ ਕਮਿਊਨ ਮੈਂਬਰਾਂ ਦੇ ਇਨਕਲਾਬ 'ਤੇ ਪਕੜ ਰੱਖਣ ਅਤੇ ਉਤਪਾਦਨ ਵਧਾਉਣ ਦੇ ਜੋਸ਼ ਤੋਂ ਬਹੁਤ ਪ੍ਰਭਾਵਿਤ ਹੋਈ। ਉਹ ਦਿਨ ਵੇਲ਼ੇ ਉਹਨਾਂ ਨਾਲ਼ ਸਮੂਹਕ ਮਿਹਨਤ ਵਿੱਚ ਸ਼ਾਮਲ ਹੁੰਦੀ ਤੇ ਸਿਰਫ਼ ਰਾਤ ਵੇਲੇ ਜਾਂ ਮੀਂਹ-ਕਣੀ ਵਾਲ਼ੇ ਦਿਨਾਂ ਵਿੱਚ ਕੱਤਦੀ। ਸਹਿਜੇ-ਸਹਿਜੇ ਉਹ ਮੱਠੀ ਪੈ ਗਈ ਤੇ ਸੋਚਣ ਲੱਗੀ ਕਿ ਬਾਹਰ ਖੇਤਾਂ ਵਿੱਚ ਧੁੱਪੇ ਸੜਨ ਨਾਲ਼ੋਂ ਘਰ ਬੈਠ ਕੇ ਕੱਤਣਾ ਅਤੇ ਪੈਸੇ ਕਮਾਉਣਾ ਵਧੀਆ ਹੈ। ਫਿਰ ਉਹ ਕਦੇ-ਕਦਾਈਂ ਹੀ ਸਮੂਹਕ ਮਿਹਨਤ ਵਿੱਚ ਸ਼ਾਮਲ ਹੁੰਦੀ ਤੇ ਜੇ ਕਿਸੇ ਮੌਕੇ ਉਹ ਪੜ੍ਹਾਈ ਦੇ ਕਿਸੇ ਸਕੂਲ ਵਿੱਚ ਚਲੀ ਵੀ ਜਾਂਦੀ, ਤਾਂ ਪਿੱਛੇ ਬੈਠੀ ਰਹਿੰਦੀ ਤੇ ਘਰ ਜਾ ਕੇ ਹੋਰ ਕੱਪੜਾ ਬੁਣਨ ਬਾਰੇ ਸੋਚਦੀ ਰਹਿੰਦੀ ਤੇ ਇਨਕਲਾਬੀ ਕਾਰਜਾਂ ਤੇ ਸਮੂਹਕ ਉਤਪਾਦਨ ਉੱਤੇ ਹੋ ਰਹੀਆਂ ਬਹਿਸਾਂ ਵੱਲ ਧਿਆਨ ਨਾ ਦੇਂਦੀ।

ਖੱਡੀ ਵੱਲ ਲਲਚਾਂਦੀਆਂ ਅੱਖਾਂ ਨਾਲ਼ ਵੇਖ-ਵੇਖ ਕੇ ਹੋ-ਯੂ ਦੀ 17 ਸਾਲਾ ਨਣਾਨ ਨੇ ਵੀ ਆਪਣੇ ਪਿਤਾ ਨੂੰ ਆਪਣੇ ਵਾਸਤੇ ਇੱਕ ਖੱਡੀ ਬਣਵਾਉਣ ਲਈ ਰਜ਼ਾਮੰਦ ਕਰ ਲਿਆ। ਉਹਨੇ ਹੋ-ਯੂ ਤੋਂ ਬੁਣਨਾ ਸਿੱਖ ਲਿਆ। ਫਿਰ ਦੋਵੇਂ ਸਾਰਾ ਦਿਨ ਕੱਤਦੀਆਂ ਰਹਿੰਦੀਆਂ, ਇੱਥੋਂ ਤੱਕ ਖਾਣਾ-ਪੀਣਾ ਵੀ ਭੁੱਲ ਜਾਂਦੀਆਂ। ਸਾਰੇ ਬਰਗੇਡ ਵਿੱਚ ਇਹ ਗੱਲ ਫ਼ੈਲ ਗਈ ਅਤੇ ਕਈ ਹੋਰ ਨੌਜਵਾਨ ਤੀਵੀਆਂ ਨੇ ਵੀ ਉਹਨਾਂ ਦੀ ਰੀਸ ਕੀਤੀ। ਜਿੰਨਾ ਵੱਧ ਉਹ ਬੁਣਦੀਆਂ ਸਨ, ਓਨਾਂ ਹੀ ਸਮੂਹਕ ਕੰਮਾਂ ਵੱਲ ਘੱਟ ਧਿਆਨ ਦੇਂਦੀਆਂ ਸਨ। ਇਹ ਨਿੱਕੀ ਜਿਹੀ ਗੱਲ ਇੱਕ ਵਾਰ ਹੱਥੋਂ ਨਿਕਲ ਕੇ ਵੱਡੀ ਸਮੱਸਿਆ ਬਣ ਗਈ।

ਸਮੂਹਕ ਉਤਪਾਦਨ ਤੇ ਸਹਾਇਕ ਘਰੇਲੂ ਧੰਦੇ ਵਿਚਕਾਰ ਸਬੰਧ ਨੂੰ ਠੀਕ ਢੰਗ ਨਾਲ਼ ਨਜਿੱਠਣ ਲਈ ਬਰਗੇਡ ਪਾਰਟੀ ਸ਼ਾਖ਼ਾ ਨੇ ਫ਼ਿਲਾਸਫ਼ੀ ਦੀ ਜਾਣਕਾਰੀ ਲਈ ਸਕੂਲ ਲਾਇਆ ਤੇ ਹੋ-ਯੂ ਨੂੰ ਵੀ ਸ਼ਾਮਲ ਹੋਣ ਲਈ ਸੱਦਾ ਦਿੱਤਾ।

ਪਾਰਟੀ ਸ਼ਾਖ਼ਾ ਦੇ ਸਕੱਤਰ ਚਿਆਂਗ ਜ਼ੂ-ਵਾਂਙ ਤੇ ਤਾਈ ਸਿਆਂਗ-ਮੀ ਨੇ ਕਮਿਊਨ ਮੈਂਬਰਾਂ ਦੀ ਚੇਅਰਮੈਨ ਮਾਓ ਦੀਆਂ ਮਿਕਦਾਰੀ ਤੋਂ ਸਿਫ਼ਤੀ ਤਬਦੀਲੀ ਬਾਰੇ ਹਦਾਇਤਾਂ ਦੀ ਜਾਣਕਾਰੀ ਹਾਸਲ ਕਰਨ ਲਈ ਅਗਵਾਈ ਕੀਤੀ। ਪੜ੍ਹਨ-ਵਾਚਣ ਤੋਂ ਜੋ ਕੁਝ ਉਹਨਾਂ ਨੇ ਪ੍ਰਾਪਤ ਕੀਤਾ ਸੀ, ਉਹ ਉਸ ਬਾਰੇ ਬੋਲੇ। ਬਰਗੇਡ ਵਿੱਚ ਇਹ ਰਿਵਾਜ

ਹੈ ਕਿ ਤਾਲੀਮੀ ਸਕੂਲ ਵਿੱਚ ਪਾਰਟੀ ਕਾਰਕੁੰਨ ਹਮੇਸ਼ਾ ਪਹਿਲਾਂ ਬੋਲਦੇ ਹਨ।

ਜ਼ੂ-ਵਾਂਙ ਨੇ ਮੇਜ਼ ਉੱਤੇ ਪਏ ਕੱਪ ਵੱਲ ਇਸ਼ਾਰਾ ਕੀਤਾ ਤੇ ਕਿਹਾ, "ਕੀ ਇਸ ਕੱਪ ਨੂੰ ਪਾਣੀ ਨਾਲ਼ ਭਰਿਆ ਜਾ ਸਕਦਾ ਹੈ?" ਕਮਿਊਨ ਮੈਂਬਰਾਂ ਨੇ ਜਵਾਬ ਦਿੱਤਾ, "ਬਿਨਾਂ ਸ਼ੱਕ ਭਰਿਆ ਜਾ ਸਕਦਾ ਹੈ।"

ਜ਼ੂ-ਵਾਂਙ ਨੇ ਗੱਲ ਜਾਰੀ ਰੱਖੀ, "ਹਾਂ, ਇਸ ਕੱਪ ਨੂੰ ਪਾਣੀ ਨਾਲ਼ ਭਰਿਆ ਜਾ ਸਕਦਾ ਹੈ, ਭਾਵੇਂ ਇਸ ਦਾ ਕੰਢਾ ਉੱਤੋਂ ਥੋੜ੍ਹਾ ਜਿਹਾ ਟੁੱਟਿਆ ਹੋਵੇ, ਪਰ ਜੇਕਰ ਅਸੀਂ ਇਸ ਨੂੰ ਥੋੜ੍ਹਾ-ਥੋੜ੍ਹਾ ਕਰਕੇ ਭੋਰਦੇ ਜਾਈਏ ਤਾਂ ਮਿਕਦਾਰੀ ਤਬਦੀਲੀ ਸਿਫ਼ਤੀ ਵਿੱਚ ਵੱਟ ਜਾਵੇਗੀ ਅਤੇ ਕੱਪ ਟੁਕੜਿਆਂ ਦਾ ਢੇਰ ਰਹਿ ਜਾਵੇਗਾ ਤੇ ਇਸ ਵਿੱਚ ਪਾਣੀ ਨਹੀਂ ਰਹੇਗਾ। ਸਾਡੀ ਸਮੂਹਕ ਆਰਥਕਤਾ ਵੀ ਕੱਪ ਵਾਂਗ ਹੈ, ਜੇ ਅਸੀਂ ਇਸ ਵਿੱਚ ਹੋਰ ਤਰੇੜਾਂ ਪਾਈ ਜਾਈਏ, ਤਾਂ ਇਹ ਢਹਿ-ਢੇਰੀ ਹੋ ਜਾਵੇਗੀ। ਮਿਕਦਾਰੀ ਤੋਂ ਸਿਫ਼ਤੀ ਤਬਦੀਲੀ ਵਿੱਚ ਵੀ ਏਸੇ ਤਰ੍ਹਾਂ ਹੁੰਦਾ ਹੈ।"

ਕਮਿਊਨ ਮੈਂਬਰਾਂ ਨੂੰ ਹੁਣ ਪਤਾ ਲੱਗ ਗਿਆ ਕਿ ਮਿਕਦਾਰੀ ਤੋਂ ਸਿਫ਼ਤੀ ਤਬਦੀਲੀ ਦਾ ਕੀ ਅਰਥ ਹੁੰਦਾ ਹੈ ਅਤੇ ਉਹਨਾਂ ਨੇ ਸਰਮਾਏਦਾਰਾ ਸੋਚਣੀ ਬਾਰੇ ਵਿਚਾਰ-ਵਟਾਂਦਰਾ ਕੀਤਾ ਤੇ ਇਸ ਦੀ ਨੁਕਤਾਚੀਨੀ ਕੀਤੀ।

ਉਹਨਾਂ ਕਿਹਾ, "ਸਰਮਾਏਦਾਰੀ ਖੰਡ ਵਿੱਚ ਲਪੇਟੀ ਜ਼ਹਿਰ ਵਾਂਗ ਹੈ, ਇਹ ਅੱਜ ਮਿੱਠੀ ਲੱਗ ਸਕਦੀ ਹੈ, ਪਰ ਕੱਲ੍ਹ ਨੂੰ ਇਹ ਤੁਹਾਨੂੰ ਤਬਾਹ ਕਰ ਦੇਵੇਗੀ।"

ਇਸ ਜੋਸ਼ ਭਰੀ ਬਹਿਸ ਤੋਂ ਹੋ-ਯੂ ਨੂੰ ਬਹੁਤ ਸਿੱਖਿਆ ਮਿਲੀ।

ਸਕੂਲ ਤੋਂ ਪਿੱਛੋਂ ਤਾਈ ਸਿਆਂਗ-ਮੀ ਨੇ ਹੋ-ਯੂ ਨਾਲ਼ ਖੁੱਲ੍ਹ ਕੇ ਗੱਲਾਂ ਕੀਤੀਆਂ ਤੇ ਸੱਚੇ ਦਿਲੋਂ ਕਿਹਾ, "ਹੋ-ਯੂ, ਗੱਲ ਇਹ ਨਹੀਂ ਕਿ ਹੋਰਨਾਂ ਕੰਮਾਂ ਦੇ ਨਾਲ਼ੋਂ ਨਾਲ਼ ਸਹਾਇਕ ਧੰਦੇ ਦੀ ਮਨਾਹੀ ਹੈ, ਪਰ ਸਾਨੂੰ ਇਹ ਵਿਹਲੇ ਸਮੇਂ ਵਿੱਚ ਕਰਨਾ ਚਾਹੀਦਾ ਹੈ ਤੇ ਸਮੂਹਕ ਆਰਥਿਕਤਾ ਦੇ ਵਿਕਾਸ ਵਿੱਚ ਇਸ ਨੂੰ ਰੋਕ ਨਹੀਂ ਬਣਨ ਦੇਣਾ ਚਾਹੀਦਾ। ਜੇ ਅਸੀਂ ਸਮੂਹਕ ਮਿਹਨਤ ਦੀ ਕੀਮਤ ਉੱਤੇ, ਸਹਾਇਕ ਘਰੇਲੂ ਦਸਤਕਾਰੀ ਉੱਤੇ ਆਪਣਾ ਸਾਰਾ ਤਾਣ ਲਾ ਦੇਵਾਂਗੇ, ਤਾਂ ਇਹ ਸਹਾਇਕ ਕੰਮ ਮੁੱਖ ਬਣ ਜਾਵੇਗਾ ਤੇ ਇਹ ਠੀਕ ਨਹੀਂ। ਸਾਨੂੰ ਰਾਜ, ਸਮੂਹਕ ਤੇ ਵਿਅਕਤੀ ਵਿਚਕਾਰਲੇ ਸਬੰਧਾਂ ਨੂੰ ਠੀਕ ਤਰ੍ਹਾਂ ਨਜਿੱਠਣਾ ਚਾਹੀਦਾ ਹੈ ਅਤੇ ਨਿੱਜ ਤੇ ਲੋਕ-ਵਿਚਕਾਰ ਘੋਲ਼ ਨੂੰ ਭੁੱਲਣਾ ਨਹੀਂ ਚਾਹੀਦਾ। ਇੱਕੋ ਵਾਰ ਜੇਕਰ ਵਿਅਕਤੀਵਾਦ ਜ਼ੋਰ ਪਾ ਲਵੇ, ਤਾਂ ਸਮੂਹਕ ਦਾ ਨੁਕਸਾਨ ਹੋਵੇਗਾ। ਤੂੰ ਪੈਸੇ ਕਮਾਉਣ ਦੀ ਚੇਸ਼ਟਾ ਵਿੱਚ ਹੈਂ, ਤੂੰ ਪਹਿਲੇ ਦਿਨ ਇੱਕ ਮੀਟਰ ਕੱਪੜਾ ਬੁਣੇਂਗੀ ਤੇ ਅਗਲੇ ਦਿਨ ਹੋਰ ਪੈਸੇ ਕਮਾਉਣ ਲਈ ਹੋਰ ਵੱਧ ਬੁਣੇਂਗੀ। ਤੀਜੇ ਦਿਨ ਤੂੰ ਅਮੀਰ ਬਣਨ ਬਾਰੇ ਸੋਚ ਸਕਦੀ ਹੈਂ। ਛੇਤੀ ਹੀ ਤੇਰੀ ਇਹ ਆਦਤ ਬਣ ਜਾਵੇਗੀ ਤੇ ਤੂੰ ਆਪਣੀ ਅਸਲੀ ਰਾਹ ਤੋਂ ਉੱਖੜ ਜਾਵੇਂਗੀ।"

ਹੋ-ਯੂ ਘਰ ਮੁੜ ਆਈ। ਜਿੰਨਾਂ ਵਧੇਰੇ ਉਹਨੇ ਸਿਆਂਗ-ਮੀ ਦੀਆਂ ਗੱਲਾਂ ਬਾਰੇ ਸੋਚਿਆ ਓਨਾਂ ਹੀ ਮਹਿਸੂਸ ਕੀਤਾ ਕਿ ਮੈਂ ਗ਼ਲਤ ਸੀ। ਉਹਨੇ ਆਪਣੇ-ਆਪ ਤੋਂ ਪੁੱਛਿਆ : ਕੀ ਮੈਂ ਮਿਕਦਾਰੀ ਤੋਂ ਸਿਫ਼ਤੀ ਤਬਦੀਲੀ ਵੱਲ ਜਾ ਰਹੀ ਹਾਂ? ਪਹਿਲਾਂ-ਪਹਿਲ ਬੁਣਨ ਰਾਹੀਂ ਮੈਨੂੰ ਥੋੜ੍ਹੇ ਪੈਸੇ ਕਮਾ ਕੇ ਹੀ ਤੱਸਲੀ ਹੋ ਜਾਂਦੀ ਸੀ, ਪਰ ਜਦ ਮੈਂ ਪੈਸੇ ਦੇਖੇ ਮੈਂ

ਦੋ ਲੀਹਾਂ ਵਿਚਕਾਰ ਘੋਲ਼ ਨੂੰ ਵਿੱਸਰ ਗਈ। ਸਰਮਾਏਦਾਰਾ ਵਿਚਾਰਾਂ ਨੇ ਥੋੜ੍ਹਾ-ਥੋੜ੍ਹਾ ਕਰਕੇ ਮੇਰੇ ਮਨ ਵਿੱਚ ਘਰ ਕਰ ਲਿਆ ਅਤੇ ਮੈਂ ਡੂੰਘੀ ਧਸਦੀ ਗਈ। ਆਖਰ ਨੂੰ ਮਿਕਦਾਰੀ ਤਬਦੀਲੀ ਸਿਫ਼ਤੀ ਬਣ ਗਈ ਅਤੇ ਸਹਾਇਕ ਧੰਦਾ ਮੁੱਖ ਬਣ ਗਏ ਅਤੇ ਮੈਂ ਸਮੂਹਕ ਉਤਪਾਦਨ ਤੇ ਜਮਾਤੀ ਘੋਲ਼ ਨੂੰ ਵਿਸਾਰ ਕੇ ਖੱਡੀ ਉੱਤੇ ਬੈਠ ਜਾਂਦੀ ਹਾਂ । ਮੈਂ ਤੇ ਏਸੇ ਤਰ੍ਹਾਂ ਮੇਰੀ ਨਣਾਨ ਤੇ ਕਮਿਊਨ ਦੀਆਂ ਹੋਰ ਇਸਤਰੀਆਂ ਵੀ ਬੁਣਦੀਆਂ ਹਨ। ਅਜਿਹੇ ਵਿਕਾਸ ਦਾ ਲਾਜ਼ਮੀ ਨਤੀਜਾ ਵਿਚਾਰਧਾਰਾ ਦੇ ਸੋਧਵਾਦ ਵਿੱਚ ਵਟ ਨਿਕਲੇਗਾ ਅਤੇ ਇਨਕਲਾਬੀ ਜੋਸ਼ ਮੱਠਾ ਪੈ ਜਾਵੇਗਾ। ਇਸ ਤਰ੍ਹਾਂ ਅਖੀਰ ਵਿੱਚ ਸਰਮਾਏਦਾਰੀ ਮੁੜ ਬਹਾਲੀ ਹੋ ਜਾਵੇਗੀ। ਇਹ ਗੱਲ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਮੀਂਹ ਦੀਆਂ ਕਣੀਆਂ ਕੱਪੜਿਆਂ ਵਿੱਚ ਜਜ਼ਬ ਹੋ ਰਹੀਆਂ ਹੋਣ। ਕਿੰਨੀ ਖ਼ਤਰਨਾਕ ਗੱਲ ਹੈ।

ਫ਼ਿਲਾਸਫ਼ੀ ਦੇ ਅਗਲੇ ਸਕੂਲ ਵਿੱਚ ਹੋ-ਯੂ ਨੇ ਮਿਕਦਾਰੀ ਤੋਂ ਸਿਫ਼ਤੀ ਤਬਦੀਲੀ ਦੇ ਸਿਧਾਂਤ ਦੀ ਆਪਦੀ ਘੋਖ਼ ਬਾਰੇ ਗੱਲ ਕੀਤੀ ਅਤੇ ਕਮਿਊਨ ਮੈਂਬਰਾਂ ਨੇ ਸਿਧਾਂਤ ਨੂੰ ਅਮਲ ਵਿੱਚ ਲਾਗੂ ਕਰਨ ਲਈ ਉਸ ਦੀ ਤਾਰੀਫ਼ ਕੀਤੀ। ਪਿੱਛੋਂ ਹੋ-ਯੂ ਨੇ ਕਮਿਊਨ ਦੂਸਰੇ ਮੈਂਬਰਾਂ ਦੀ ਸਮੂਹਕ ਉਤਪਾਦਨ ਤੇ ਸਹਾਇਕ ਘਰੇਲੂ ਧੰਦੇ ਵਿਚਕਾਰ ਰਿਸ਼ਤੇ ਨੂੰ ਨਜਿੱਠਣ ਵਿੱਚ ਸਹਾਇਤਾ ਕੀਤੀ ਅਤੇ ਸਮੂਹਕ ਉਤਪਾਦਨ ਵਿੱਚ ਸ਼ਾਮਿਲ ਹੋਣ ਦੀ ਉਹਨਾਂ ਦੀ ਪਹਿਲ-ਕਦਮੀ ਨੂੰ ਹੁਲਾਰਾ ਬਖਸ਼ਿਆ।

## ਕੰਕਰਾਂ ਬਗੈਰ ਵੱਡੇ ਪੱਥਰਾਂ ਨਾਲ਼ ਕੰਧ ਨਹੀਂ ਬਣ ਸਕਦੀ

ਇੱਕ ਗੁੰਝਲਦਾਰ ਮੁਸ਼ਕਲ ਖੜ੍ਹੀ ਹੋ ਗਈ : ਚਿੰਨ ਚੀਅਨ ਬਰਗੇਡ ਵਿੱਚ ਤਕੜੀ ਤੇ ਕਮਜ਼ੋਰ ਮਿਹਨਤ-ਸ਼ਕਤੀ ਵਿਚਕਾਰ ਵਿਰੋਧਤਾਈ ਨੂੰ ਕਿਵੇਂ ਨਜਿੱਠਿਆ ਜਾਵੇ ?

ਇੱਕ ਦਿਨ ਜਦ ਸਕੱਤਰ ਚਿਆਂਗ ਜ਼ੂ-ਵਾਂਙ ਨੇ ਪੰਜਵੀਂ ਟੀਮ ਵੱਲ ਗਿਆ ਉੱਥੇ ਉਸ ਨੇ ਦੋ ਆਦਮੀ ਤੇ ਦੋ ਇਸਤਰੀਆਂ ਵਿਚਕਾਰ ਜਿਹਨਾਂ ਨੂੰ ਉਸ ਦਿਨ ਖੂਹ ਦੀ ਭੌਣੀ ਗੇੜਨ ਦਾ ਕੰਮ ਮਿਲਿਆ ਸੀ, ਆਪਸੀ ਤੂੰ-ਤੂੰ, ਮੈਂ-ਮੈਂ ਸੁਣੀ, ਆਦਮੀ ਸ਼ਿਕਾਇਤ ਕਰ ਰਹੇ ਸਨ ਕਿ, "ਸਾਡੀ ਮਾੜੀ ਕਿਸਮਤ ਜੋ ਸਾਨੂੰ ਇਸਤਰੀਆਂ ਨਾਲ਼ ਲੱਗ ਕੇ ਕੰਮ ਕਰਨਾ ਮਿਲਿਆ ਹੈ; ਬਹੁਤਾ ਕੰਮ ਸਾਨੂੰ ਹੀ ਕਰਨਾ ਪੈਂਦਾ ਹੈ।"

ਕਮਿਊਨ ਦੀਆਂ ਇਸਤਰੀ-ਮੈਂਬਰਾਂ ਨੇ ਰੋਸ ਕੀਤਾ : "ਹੋ ਸਕਦਾ ਹੈ ਤੁਸੀਂ ਤਕੜੇ ਹੋਵੋ ਅਤੇ ਤੁਹਾਨੂੰ ਵੱਧ ਤਨਖਾਹ ਵੀ ਮਿਲੇ, ਪਰ ਭੌਣੀ ਗੇੜਨ ਵਿੱਚ ਤੁਸੀਂ ਸਾਡੀ ਲੁੱਟ ਕਰ ਰਹੇ ਹੋ।"

"ਅਸੀਂ ਤੁਹਾਡੀ ਲੁੱਟ ਕਿਵੇਂ ਕਰਦੇ ਹਾਂ ?"

"ਅਸੀਂ ਸਾਰੇ ਆਪਣੇ ਪੈਰਾਂ ਨਾਲ਼ ਭੌਣੀ ਗੇੜਦੇ ਹਾਂ, ਇਸ ਵਿੱਚ ਤਾਂ ਕੋਈ ਫ਼ਰਕ ਹੈ ਨਹੀਂ ਪਰ ਤੁਹਾਡੀ ਤਨਖਾਹ ਸਾਡੇ ਨਾਲੋਂ ਵੱਧ ਹੈ। ਕੀ ਇਹ ਲੁੱਟ ਨਹੀਂ ?"

ਦੋਵੇਂ ਆਦਮੀ ਤਕਰਾਰ ਕਰਨ ਲੱਗੇ ਅਤੇ ਬੋਲੇ, "ਇਹ ਗੱਲ ਛੱਡੋ, ਭਲਾ ਕੋਈ ਟਟੀਹਰੀ ਹੰਸ ਦੀਆਂ ਰੀਸਾਂ ਕਿਵੇਂ ਕਰ ਸਕਦੀ ਹੈ, ਜਨਾਨੀ, ਜਨਾਨੀ ਹੀ ਹੁੰਦੀ ਹੈ।"

ਚਿਆਂਗ ਸੁਣ ਰਿਹਾ ਸੀ ਅਤੇ ਸੋਚ ਰਿਹਾ ਸੀ; "ਇਹ ਇੱਕ ਵੱਡੀ ਵਿਰੋਧਤਾਈ ਲੱਗਦੀ ਹੈ। ਇਹਦਾ ਖਾਸਾ ਕੀ ਹੋਇਆ ? ਇਸ ਦਾ ਮੁੱਖ ਪਹਿਲੂ ਕਿਹੜਾ ਹੈ ? ਮੈਨੂੰ ਪੜਤਾਲ ਕਰਨੀ ਚਾਹੀਦੀ ਹੈ ਅਤੇ ਮੁੱਖ ਪਹਿਲੂ ਢੂੰਡਣ ਲਈ ਸੋਚ-ਵਿਚਾਰ ਕਰਨੀ ਚਾਹੀਦੀ ਹੈ।" ਚਿਆਂਗ ਨੇ ਮੀਟਿੰਗ

ਸੱਦਣ ਅਤੇ ਆਪੋ-ਆਪਣੇ ਵਿਚਾਰ ਪ੍ਰਗਟ ਕਰ ਲੈਣ ਦੇਣ ਦਾ ਫ਼ੈਸਲਾ ਕੀਤਾ।

ਉਸ ਸ਼ਾਮ ਜਦ ਕਮਿਊਨ ਮੈਂਬਰ ਮੀਟਿੰਗ ਲਈ ਇਕੱਠੇ ਹੋਏ ਤਾਂ ਚਿਆਂਗ ਨੇ ਬੋਲਣਾ ਸ਼ੁਰੂ ਕੀਤਾ, "ਅੱਜ ਤਕੜੇ ਕਾਮੇ ਕਮਜ਼ੋਰ ਕਾਮਿਆਂ ਨਾਲ਼ ਖਹਿਬੜ ਰਹੇ ਸਨ।ਆਓ ਅੱਜ ਰਾਤ ਆਪਾਂ ਇਸ ਸਮੱਸਿਆ ਬਾਰੇ ਗੱਲ ਕਰੀਏ।ਏਥੇ ਇੱਕ ਵਿਰੋਧਤਾਈ ਮੌਜੂਦ ਹੈ, ਜਿਸ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ। ਵਿਰੋਧਤਾਈ ਦੇ ਪੱਖਾਂ ਨੂੰ ਆਪੋ-ਆਪਣੇ ਵਿਚਾਰ ਸਾਫ਼-ਸਾਫ਼ ਪੇਸ਼ ਕਰਨੇ ਚਾਹੀਦੇ ਹਨ।ਤਕੜੇ ਅਤੇ ਮਾੜੇ ਦੋਵੇਂ ਕਿਸਮ ਦੇ ਕਾਮਿਆਂ ਨੂੰ ਬੋਲਣਾ ਚਾਹੀਦਾ ਹੈ।ਹੁਣ ਦੱਸੋ ਪਹਿਲਾਂ ਕੌਣ ਬੋਲੇਗਾ।"

ਅਜੇ ਉਹਨੇ ਗੱਲ ਖ਼ਤਮ ਹੀ ਕੀਤੀ ਸੀ ਕਿ ਇੱਕ ਤਕੜਾ ਆਦਮੀ ਉੱਠਿਆ ਤੇ ਬੋਲਿਆ, "ਕਮਜ਼ੋਰ ਸਾਨੂੰ ਪਿਛਾਂਹ ਰੱਖਦੇ ਹਨ। ਇਸਤਰੀਆਂ ਸਿਰਫ਼ ਕਮਜ਼ੋਰ ਹੀ ਨਹੀਂ ਸਗੋਂ, ਉਹਨਾਂ ਨੂੰ ਕੰਮ ਕਰਨ ਦਾ ਸਹੂਰ ਵੀ ਨਹੀਂ।ਉਹ ਸਾਡੇ ਉੱਤੇ ਬੋਝ ਹਨ।ਜੇਕਰ ਟੋਲੀ ਮੈਂਬਰ ਤਕੜੇ ਹੁੰਦੇ ਤਾਂ ਅਸੀ ਹਰ ਸਾਲ 20 ਜਾਂ 30 ਫੀਸਦੀ ਵੱਧ ਉਪਜ ਦੀ ਗਰੰਟੀ ਦੇ ਸਕਦੇ।"

ਪਿੱਛੋਂ ਟੋਲੀ ਦਾ ਆਗੂ ਕਹਿਣ ਲੱਗਾ, "ਇਹ ਠੀਕ ਹੈ।ਕਮਜ਼ੋਰ ਹਮੇਸ਼ਾ ਤਕੜਿਆਂ ਤੋਂ ਪਿੱਛੇ ਰਹਿੰਦੇ ਹਨ।ਜੇਕਰ ਤਕੜੇ ਕਾਮੇ ਹਲ਼ ਨਾ ਵਾਹੁਣ ਤੇ ਗਹਾਈ ਨਾ ਕਰਨ ਤਾਂ ਕੋਈ ਫ਼ਸਲ ਨਾ ਹੋਵੇ ? "

ਇਸਤਰੀ ਮੈਂਬਰ ਗੁੱਸੇ ਨਾਲ਼ ਭੜਕ ਉੱਠੀਆਂ, "ਬੱਸ ਬਹੁਤ ਹੋ ਗਈ ! ਤੁਸੀਂ ਤਕੜੇ ਹੋ, ਇਸ ਕਰਕੇ ਕੰਮ ਬਾਰੇ ਜੋ ਕੁਝ ਤੁਸੀਂ ਕਹਿੰਦੇ ਹੋ ਉਹੀ ਚਲਦਾ ਹੈ।ਸਾਨੂੰ ਬੋਲਣ ਦਾ ਕੋਈ ਹੱਕ ਨਹੀਂ ਹੈ।"

ਇਹ ਗੱਲ ਚਿਆਂਗ ਦੇ ਮਨ ਲੱਗੀ ਤੇ ਉਹਨੇ ਮਹਿਸੂਸ ਕੀਤਾ ਕਿ ਵਿਰੋਧਤਾਈ ਦਾ ਮੁੱਖ ਪੱਖ ਤਕੜੇ ਕਾਮੇ ਹਨ।ਟੀਮ ਲੀਡਰਾਂ ਵਿੱਚੋਂ ਅਤੇ ਖੇਤੀ ਮਸ਼ੀਨਰੀ ਦੇ ਮਾਹਰਾਂ ਵਿੱਚੋਂ ਬਹੁਤੇ ਆਦਮੀ ਹੀ ਹਨ ਜਿਹਨਾਂ ਦੀ ਗੱਲ ਆਮ ਕਰਕੇ ਮੰਨੀ ਜਾਂਦੀ ਹੈ।ਬੀਤੇ ਵਿੱਚ ਉਹਨੇ ਖ਼ੁਦ ਵੀ ਬਹੁਤਾ ਉਹਨਾਂ ਦੀਆਂ ਹੀ ਸੁਣੀਆਂ ਸਨ, ਇਹ ਉਹਦਾ ਇੱਕ-ਤਰਫ਼ਾਪਨ ਸੀ।ਉਸਨੂੰ ਸਮੱਸਿਆ ਦੀ ਪੂਰੀ ਤਸਵੀਰ ਸਮਝਣ ਲਈ ਕਮਜ਼ੋਰ ਕਾਮਿਆਂ ਦੀ ਸੁਣਨੀ ਚਾਹੀਦੀ ਹੈ। ਫਿਰ ਉਸ ਨੇ ਸਵਾਲ ਕੀਤਾ, "ਕੀ ਤਕੜੇ ਕਾਮੇ ਹਰ ਹਾਲਤ ਵਿੱਚ ਤਕੜੇ ਹੀ ਰਹਿੰਦੇ ਹਨ ? ਕੀ ਇਹ ਸੰਭਵ ਨਹੀਂ ਕਿ ਉਹ ਕਮਜ਼ੋਰ ਵੀ ਹੋ ਸਕਦੇ ਹਨ ?"

ਇਸ ਸਵਾਲ ਨਾਲ਼ ਕਮਿਊਨ ਮੈਂਬਰ ਕੁਝ ਉਲਝ ਗਏ।ਚਿਆਂਗ ਨੇ ਗੱਲ ਜਾਰੀ ਰੱਖੀ : "ਸਾਨੂੰ ਪ੍ਰਧਾਨ ਮਾਓ ਦੀ ਇਹ ਸਿੱਖਿਆ ਹਮੇਸ਼ਾ ਚੇਤੇ ਰੱਖਣੀ ਚਾਹੀਦੀ ਹੈ : **"ਸਾਨੂੰ ਸਮੱਸਿਆਵਾਂ ਨੂੰ ਸਾਰੇ ਪੱਖਾਂ ਤੋਂ ਵੇਖਣ ਦੀ ਜਾਂਚ ਸਿੱਖਣੀ ਚਾਹੀਦੀ ਹੈ, ਤਸਵੀਰ ਦਾ ਸਿੱਧਾ ਤੇ ਪੁੱਠਾ ਦੋਵੇਂ ਪਾਸੇ ਦੇਖਣੇ ਚਾਹੀਦੇ ਹਨ।"** ਇਸ ਲਈ ਸਾਨੂੰ ਨਿਰਾ ਤਕੜੇ ਕਾਮਿਆਂ ਦੀ ਹੀ ਗੱਲ ਨਹੀਂ ਸੁਣਨੀ ਚਾਹੀਦੀ ਸਗੋਂ ਕਮਜ਼ੋਰਾਂ ਦੀ ਵੀ ਸੁਣਨੀ ਚਾਹੀਦੀ ਹੈ।"

ਕੁਝ ਚਿਰ ਦੀ ਚੁੱਪ ਤੋਂ ਪਿੱਛੋਂ ਇੱਕ ਕਹਿਣ ਲੱਗਾ, "ਮੇਰੇ ਖਿਆਲ਼ ਵਿੱਚ ਤਕੜੇ ਅਤੇ ਮਾੜੇ ਦਾ ਰੁਤਬਾ ਸਥਾਈ ਨਹੀਂ, ਸਗੋਂ ਸਬੰਧਤ ਹੈ। ਮਿਸਾਲ ਵਜੋਂ ਮੈਨੂੰ ਹੀ ਲਓ, ਇਸ ਸਾਲ ਮੈਂ ਕੇਵਲ 17 ਸਾਲਾਂ ਦਾ ਹਾਂ ਇਸ ਲਈ ਮੈਂ ਤਕੜਾ ਕਾਮਾ ਨਹੀਂ ਹਾਂ।ਪਰ ਹੋਰ ਦਸਾਂ ਸਾਲਾਂ ਨੂੰ ਮੈਂ ਸਤਾਈਆਂ ਸਾਲਾਂ ਦਾ ਹੋ ਜਾਵਾਂਗਾ ਅਤੇ ਇੱਕ ਤਕੜਾ ਕਾਮਾ ਹੋ ਜਾਵਾਂਗਾ, ਕਿਉਂ ਠੀਕ ਹੈ ਨਾ ?"

ਇੱਕ ਬਜ਼ੁਰਗ ਕਮਿਊਨ ਮੈਂਬਰ ਉੱਠਿਆ ਤੇ ਬੋਲਿਆ, "ਜਦੋਂ ਮੈਂ ਜਵਾਨ ਸੀ ਤਾਂ ਮੈਂ

ਇੱਕ ਤਕੜਾ ਕਾਮਾ ਸੀ ਪਰ ਹੁਣ ਮੈਂ ਸੱਠਾਂ ਸਾਲਾਂ ਦਾ ਹਾਂ ਤੇ ਹੁਣ ਮੈਂ ਕਿ ਕਮਜ਼ੋਰ ਕਾਮਾ ਹਾਂ, ਕਿਉਂ ਠੀਕ ਹੈ ਨਾ ?"

ਹਰ ਕੋਈ ਸੋਚਣ ਲੱਗਿਆ। ਫਿਰ ਇੱਕ ਇਸਤਰੀ ਬੋਲੀ, "ਟੀਮ ਲੀਡਰ ਨੇ ਕਿਹਾ ਹੈ ਕਿ ਹਲ਼ ਵਾਹੁਣਾ ਤੇ ਗਹਾਈ ਕਰਨਾ ਤਕੜੇ ਕਾਮਿਆਂ ਉੱਤੇ ਨਿਰਭਰ ਹੈ। ਇਹ ਚੀਜ਼ਾਂ ਨੂੰ ਵੇਖਣ ਦਾ ਇੱਕ-ਪਾਸੜ ਤਰੀਕਾ ਹੈ। ਵੱਗ ਚਾਰਨ ਵਾਲ਼ੇ ਵਾਗੀਆਂ ਤੋਂ ਬਿਨਾਂ ਅਸੀਂ ਹਲ਼ ਕਿਵੇਂ ਵਾਹ ਸਕਦੇ ਹਾਂ ? ਜੇਕਰ ਇਸਤਰੀਆਂ ਝੋਨਾਂ ਨਾ ਸੁਕਾਉਣ ਤਾਂ ਕੀ ਅਸੀਂ ਇਸ ਨੂੰ ਖਾ ਸਕਾਂਗੇ ?"

ਇੱਕ ਆਦਮੀ ਨੇ ਉੱਤਰ ਦਿੱਤਾ, "ਇਸਤਰੀਆਂ ਕਮਜ਼ੋਰ ਜਾਪਦੀਆਂ ਹਨ ਪਰ ਸੂਰ ਪਾਲ਼ਣ ਦੇ ਸਬੰਧ ਵਿੱਚ ਕੋਈ ਤਕੜਾ ਕਾਮਾ ਵੀ ਉਹਨਾਂ ਦਾ ਮੁਕਾਬਲਾ ਨਹੀਂ ਕਰ ਸਕਦਾ।"

ਇੱਕ ਇਸਤਰੀ ਨੇ ਉੱਠ ਕੇ ਕਿਹਾ, "ਹੋਰ ਕੰਮਾਂ ਵਿੱਚ ਵੀ ਏਸੇ ਤਰ੍ਹਾਂ ਹੈ। " ਇੱਕ ਵੀਹ ਸਾਲਾ ਗੱਬਰੂ ਵੱਲ ਇਸ਼ਾਰਾ ਕਰਦੀ ਉਹ ਬੋਲੀ, "ਪਿਛਲੇ ਸਾਲ ਅਸੀਂ ਮੂੰਗਫਲੀ ਪੁੱਟਣ ਗਏ, ਤੂੰ ਸਿਰਫ਼ ਦੋ ਦਿਨ ਹੀ ਗਿਆ ਅਤੇ ਇਹਨਾਂ ਦੋ ਦਿਨਾਂ ਵਿੱਚ ਤੂੰ ਰੋਜ਼ਾਨਾ 10 ਕਿੱਲੋ ਮੂੰਗਫਲੀ ਹੀ ਪੱਟੀ। ਮੈਂ ਪੰਜ ਦਿਨ ਗਈ ਤੇ ਰੋਜ਼ਾਨਾ 20 ਕਿੱਲੋ ਪੁੱਟਦੀ ਰਹੀ ਅਤੇ ਦੂਜੇ ਦਿਨ ਆਥਣੇ ਤੂੰ ਵਿੰਗਾ-ਟੇਢਾ ਹੋ ਰਿਹਾ ਸੀ ਤੇ ਕਿਹਾ ਸੀ ਕਿ ਤੂੰ ਬਹੁਤ ਥੱਕ ਗਿਆ ਹੈਂ। ਤੂੰ ਕਿਹਾ ਸੀ ਕਿ ਜਦ ਮੈਂ ਖੜ੍ਹਾ ਹੁੰਦਾ ਹਾਂ ਤਾਂ ਮੇਰੀਆਂ ਅੱਖਾਂ ਮੂਹਰੇ ਭੰਬੂ-ਤਾਰੇ ਨਜ਼ਰ ਆਉਂਦੇ ਨੇ ! ਅਤੇ ਫਿਰ ਤੂੰ ਕਦੇ ਵੀ ਦਰਸ਼ਨ ਨਾ ਦਿੱਤੇ।" ਸਭ ਦਾ ਹਾਸਾ ਨਿਕਲ ਗਿਆ।

ਸਕੱਤਰ ਚਿਆਂਗ ਜ਼ੂ-ਵਾਂਙ ਨੇ ਮਹਿਸੂਸ ਕੀਤਾ ਕਿ ਹੁਣ ਉਹ ਬਹਿਸ ਨੂੰ ਸਿਰੇ ਲਾ ਸਕਦਾ ਹੈ ਅਤੇ ਕਹਿਣ ਲੱਗਾ, "ਅਸੀਂ ਚੀਜ਼ਾਂ ਨੂੰ ਸਥਾਈ ਤੌਰ 'ਤੇ ਨਹੀਂ ਲੈ ਸਕਦੇ। ਤਕੜਾ ਅਤੇ ਮਾੜਾ ਇੱਕ ਵਿਰੋਧਤਾਈ ਦੇ ਦੋ ਪੱਖ ਹਨ ਅਤੇ ਹਰ ਪੱਖ ਦੀ ਦੂਜੇ ਵਿੱਚ ਹੋਂਦ ਹੈ ਤੇ ਉਸ ਨਾਲ਼ ਸਬੰਧਤ ਹੈ।"

ਇੱਕ ਬੁੱਢੇ ਗਰੀਬ ਕਿਸਾਨ ਨੇ ਕਿਹਾ, "ਇਹ ਠੀਕ ਹੈ, ਕੰਕਰਾਂ ਬਗੈਰ ਵੱਡੇ ਪੱਥਰਾਂ ਨਾਲ਼ ਕੰਧ ਨਹੀਂ ਬਣ ਸਕਦੀ।"

ਚਿਆਂਗ ਨੇ ਗੱਲ ਜਾਰੀ ਰੱਖੀ, "ਕਈਆਂ ਹਾਲਤਾਂ ਵਿੱਚ ਤਾਕਤ, ਕਮਜ਼ੋਰੀ ਬਣ ਸਕਦੀ ਹੈ ਅਤੇ ਕਮਜ਼ੋਰੀ, ਤਾਕਤ। ਭਾਵੇਂ ਕਿਸੇ ਵਿੱਚ ਤਾਕਤ ਕਿੰਨੀ ਵੀ ਹੋਵੇ, ਜੇਕਰ ਇਸ ਦੀ ਅਗਵਾਈ ਪ੍ਰੋਲੇਤਾਰੀ ਨਹੀਂ ਕਰਦੀ, ਜੇਕਰ ਉਹ ਇਨਕਲਾਬ ਲਈ ਕੰਮ ਨਹੀਂ ਕਰ ਰਿਹਾ ਤਾਂ ਉਸ ਦਾ ਕੋਈ ਸਾਹਸ ਜਾਂ ਜੋਸ਼ ਨਹੀਂ ਹੋਵੇਗਾ ਅਤੇ ਮਜ਼ਬੂਤ ਆਦਮੀ ਵੀ ਕਮਜ਼ੋਰ ਬਣ ਸਕਦਾ ਹੈ। ਜੇਕਰ ਉਸ ਵਿੱਚ ਇਨਕਲਾਬ ਲਈ ਖੇਤੀ ਕਰਨ ਦਾ ਦ੍ਰਿੜ੍ਹ ਇਰਾਦਾ ਹੈ, ਜੇਕਰ ਉਹ ਆਪਣੀ ਯੋਗਤਾ ਅਤੇ ਤਾਕਤ ਇਨਕਲਾਬ ਵਾਸਤੇ ਲਾਉਂਦਾ ਹੈ ਤਾਂ ਇੱਕ ਕਮਜ਼ੋਰ ਕਾਮਾ ਵੀ ਤਕੜਾ ਬਣ ਸਕਦਾ ਹੈ। ਆਪਣੇ ਬਰਗੇਡ ਦੇ ਚਿਆਂਗ ਚੈਂਗ-ਲਿਆਂਙ ਵੱਲ ਵੇਖੋ। ਉਹ ਸੱਠਾਂ ਸਾਲਾਂ ਦੇ ਕਰੀਬ ਹੈ। ਲੋਕ ਉਸ ਨੂੰ ਕਮਜ਼ੋਰ ਕਾਮਾ ਸਮਝ ਸਕਦੇ ਹਨ। ਪਰ ਜਦੋਂ ਤੋਂ ਉਸ ਨੇ ਹਲ਼ ਨੂੰ ਦੋ ਵੱਖ-ਵੱਖ ਮਕਸਦਾਂ ਲਈ ਦੋ ਵੱਖ-ਵੱਖ ਤਰੀਕਿਆਂ ਨਾਲ਼ ਵਰਤਣ ਬਾਰੇ ਗ਼ਲਤ ਸਰਮਾਏਦਾਰਾ ਵਿਚਾਰ ਦਾ ਖੰਡਨ ਕੀਤਾ ਹੈ ਉਦੋਂ ਤੋਂ ਉਸ ਨੇ ਆਪਣੇ ਹਲ਼ ਨੂੰ ਸਿਰਫ਼ ਸਮਾਜਵਾਦ ਦੀ ਉਸਾਰੀ ਲਈ ਵਰਤਿਆ ਹੈ ਅਤੇ ਉਸ ਵਿੱਚ ਗੱਬਰੂਆਂ ਨਾਲ਼ੋਂ ਵੀ ਵਧੇਰੇ ਖਿੱਚ ਹੈ। ਇਸੇ ਤਰ੍ਹਾਂ ਮਾਰਕਸਵਾਦ-ਲੈਨਿਨਵਾਦ-ਮਾਓ ਜ਼ੇ-ਤੁੰਗ ਵਿਚਾਰਧਾਰਾ ਨਾਲ਼ ਲੈਸ ਸਾਰੇ ਲੋਕ ਤਕੜੇ ਅਤੇ ਲੜਾਕੂ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਜੇਕਰ ਅਸੀਂ ਮਾਓ ਜ਼ੇ ਤੁੰਗ ਵਿਚਾਰਧਾਰਾ ਨਾਲ਼ ਇੱਕ ਵਾਰ

ਲੈਸ ਹੋ ਜਾਈਏ ਤਾਂ ਸਮੂਹਕ ਆਰਥਿਕਤਾ ਵਾਸਤੇ ਸ਼ਾਨ-ਸ਼ੌਕਤ ਨਾਲ਼ ਕੰਮ ਕਰਨ ਦਾ ਸਾਡਾ ਕਮਿਊਨਿਸਟਾਂ ਵਾਲ਼ਾ ਤਰੀਕਾ ਹੋਵੇਗਾ ਅਤੇ ਅਸੀਂ ਸਿਰਫ਼ ਆਪਣੇ-ਆਪ ਦਾ ਖਿਆਲ਼ ਹੀ ਨਹੀਂ ਰੱਖਾਂਗੇ।"

ਤਕੜੇ ਤੇ ਮਾੜੇ ਦੇ ਮਸਲੇ ਉੱਤੇ ਬਹਿਸ ਕਰਨ ਨਾਲ਼ ਕਮਿਊਨਿਸਟ ਮੈਂਬਰਾਂ ਨੂੰ ਵਿਰੋਧਾਂ ਦੇ ਏਕੇ ਦੇ ਨਿਯਮ ਦੀ ਸਮਝ ਆ ਗਈ। ਤਕੜੇ ਤੇ ਮਾੜੇ ਕਾਮਿਆਂ ਦਾ ਹੋਰ ਏਕਾ ਹੋ ਗਿਆ ਅਤੇ ਉਹਨਾਂ ਪੇਂਡੂ ਇਲਾਕੇ ਵਿੱਚ ਸਮਾਜਵਾਦ ਉਸਾਰਨ ਲਈ ਮੋਢੇ ਨਾਲ਼ ਮੋਢਾ ਜੋੜ ਕੇ ਕੰਮ ਕੀਤਾ।

***

ਕਈ ਸਾਲ ਪਹਿਲਾਂ, ਜਦੋਂ ਤੋਂ ਕਮਿਊਨ ਮੈਂਬਰਾਂ ਨੇ ਚੇਅਰਮੈਨ ਮਾਓ ਦੀਆਂ ਫ਼ਲਸਫ਼ੇ ਦੀਆਂ ਕਿਤਾਬਾਂ ਦਾ ਅਧਿਐਨ ਕਰਨਾ ਸ਼ੁਰੂ ਕੀਤਾ ਹੈ, ਚਿੰਨ ਚੀਅਨ ਉਤਪਾਦਕ ਬਰਗੇਡ ਵਿੱਚ ਵੱਡੀਆਂ ਤਬਦੀਲੀਆਂ ਆ ਚੁੱਕੀਆਂ ਸਨ। ਉਹਨਾਂ ਦੀ ਸਿਆਸੀ ਤੇ ਵਿਚਾਰਧਾਰਕ ਚੇਤਨਾ ਬਹੁਤ ਉੱਚੀ ਉੱਠ ਚੁੱਕੀ ਹੈ ਅਤੇ ਉਹਨਾਂ ਦੀ ਅਨਾਜ ਦੀ ਪੈਦਾਵਾਰ 30 ਕੁਇੰਟਲ ਪ੍ਰਤੀ ਏਕੜ ਤੋਂ ਟੱਪ ਗਈ ਹੈ। ਬਰਗੇਡ ਹੁਣ ਫ਼ਲਸਫ਼ੇ ਦੇ ਅਧਿਐਨ ਵਿੱਚ ਇੱਕ ਅੱਗੇ ਵਧੀ ਹੋਈ ਇਕਾਈ ਹੈ, ਜਿਸ ਦਾ ਸਾਰਾ ਸਿਹਰਾ ਬਰਗੇਡ ਪਾਰਟੀ ਸ਼ਾਖ਼ਾ ਕਮੇਟੀ ਚੇਅਰਮੈਨ ਮਾਓ ਅਤੇ ਪਾਰਟੀ ਨੂੰ ਦਿੰਦੀ ਹੈ।

ਪਾਰਟੀ ਸ਼ਾਖਾ ਕਮੇਟੀ ਮੈਂਬਰ ਅਤੇ ਕਿਸਾਨ, ਹੋਰ ਅੱਗੇ ਵਧੀਆਂ ਇਕਾਈਆਂ ਵਿੱਚ ਉਹਨਾਂ ਦੇ ਤਜ਼ਰਬਿਆਂ ਦਾ ਅਧਿਐਨ ਕਰਨ ਲਈ ਜਾਂਦੇ ਹਨ। ਉਹ 'ਇੱਕ ਦੀ ਦੋ ਵਿੱਚ ਵੰਡ' ਦੇ ਨੁਕਤੇ ਤੋਂ ਪ੍ਰਾਪਤੀਆਂ ਤੇ ਸਨਮਾਨ ਨੂੰ ਠੀਕ ਢੰਗ ਨਾਲ਼ ਵਾਚਣ ਦੀਆਂ ਕਸਮਾਂ ਖਾਂਦੇ ਹਨ ਅਤੇ ਪ੍ਰਾਪਤੀਆਂ ਉੱਤੇ ਕਦੇ ਵੀ ਹੰਕਾਰ ਨਾ ਕਰਨ, ਬਲਕਿ ਜਦੋਂ ਉਹਨਾਂ ਨੂੰ ਸਰਾਹਿਆ ਜਾਵੇ, ਉਦੋਂ ਆਪਣੀਆਂ ਘਾਟਾਂ ਲੱਭਣ ਦੀਆਂ ਕਸਮਾਂ ਖਾਂਦੇ ਹਨ। ਉਹ ਚੇਅਰਮੈਨ ਮਾਓ ਦੀਆਂ ਸਿੱਖਿਆਵਾਂ ਦਾ ਚੰਗੀ ਤਰ੍ਹਾਂ ਪਾਲਣ ਕਰਨ ਅਤੇ ਇਨਕਲਾਬ ਨੂੰ ਜਾਰੀ ਰੱਖਣ ਲਈ ਦ੍ਰਿੜ੍ਹ ਹਨ।

***

ਇਹ ਕਿਤਾਬ ਚੀਨ ਅੰਦਰ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੌਰਾਨ ਫ਼ਿਲਾਸਫ਼ੀ ਦੇ ਅਧਿਐਨ ਦੇ ਖੇਤਰ ਵਿੱਚ ਹੋਏ ਇੱਕ ਨਿਵੇਕਲੇ ਪ੍ਰਯੋਗ ਦੀ ਕਹਾਣੀ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਚੀਨ ਅੰਦਰ ਫ਼ਿਲਾਸਫ਼ੀ ਦੇ ਅਧਿਐਨ ਦੀ ਲਹਿਰ ਵਿਕਸਤ ਹੋਈ ਅਤੇ ਕਿਵੇਂ ਜਮਾਤੀ ਘੋਲ਼ ਲੜਨ ਅਤੇ ਪੈਦਾਵਾਰ ਵਧਾਉਣ ਲਈ ਲੋਕਾਂ ਦੇ ਹੱਥਾਂ ਵਿੱਚ ਇੱਕ ਤੇਜ਼ ਹਥਿਆਰ ਬਣ ਗਈ।



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 10 ਰੁਪਏ